@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 21 February 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 21 ਫਰਵਰੀ 2025, 7 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 102, qpatrika@gmail.com ਫੋਨ : 9971359517 www.qaumipatrika.org

ਰੇਖਾ ਗੁਪਤਾ ਨੇ ਦਿੱਲੀ ਦੀ ਮੁੱਖ ਮੰਤਰੀ ਵਜੋਂ ਸੰਭਾਲਿਆ ਅਹੁਦਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 20 ਫਰਵਰੀ। ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਵਿਧਾਇਕਾ ਰੇਖਾ ਗੁਪਤਾ ਨੇ ਵੀਰਵਾਰ ਨੂੰ ਇੱਥੇ ਸਕੱਤਰੇਤ 'ਚ ਦਿੱਲੀ ਦੀ 9ਵੀਂ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ ਹੈ। ਸ਼ਾਲੀਮਾਰ ਬਾਗ ਤੋਂ ਪਹਿਲੀ ਵਾਰ ਵਿਧਾਇਕ ਚੁਣੀ ਗਈ ਰੇਖਾ ਨੂੰ ਅੱਜ ਰਾਮਲੀਲਾ ਮੈਦਾਨ 'ਚ ਆਯੋਜਿਤ ਇਕ ਸ਼ਾਨਦਾਰ ਸਮਾਰੋਹ 'ਚ ਉਪ ਰਾਜਪਾਲ ਵੀ.ਕੇ ਸਕਸੈਨਾ ਨੇ ਅਹੁਦੇ ਦੀ ਸਹੁੰ ਚੁਕਾਈ। ਦਿੱਲੀ ਸਰਕਾਰ ਦੀ ਨਵੀਂ ਕੈਬਿਨਟ ਦੇ ਮੈਂਬਰਾਂ ਨੇ ਵੀ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਵਿਚ ਸ਼ਾਮਲ ਹੋਣ ਤੋਂ ਬਾਅਦ ਰੇਖਾ ਗੁਪਤਾ ਦਿੱਲੀ ਸਕੱਤਰੇਤ ਪਹੁੰਚੀ ਅਤੇ ਦਿੱਲੀ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਲਿਆ। ਉਨ੍ਹਾਂ ਨਾਲ ਭਾਜਪਾ ਦੇ ਦਿੱਲੀ ਇੰਚਾਰਜ ਬੈਜਯੰਤ ਪਾਂਡਾ ਅਤੇ ਸੂਬਾ ਪ੍ਰਧਾਨ ਵਰਿੰਦਰ ਸਚਦੇਵਾ ਸਮੇਤ ਪਾਰਟੀ ਦੇ ਹੋਰ ਆਗੂ ਵੀ ਮੌਜੂਦ ਸਨ। ਰੇਖਾ ਗੁਪਤਾ ਦਿੱਲੀ ਦੀ ਸ਼ਾਲੀਮਾਰ ਬਾਗ ਵਿਧਾਨ ਸਭਾ ਸੀਟ ਤੋਂ ਵਿਧਾਇਕ ਹੈ। ਉਹ ਇਸ ਸਮੇਂ ਦਿੱਲੀ ਭਾਜਪਾ ਦੀ ਜਨਰਲ ਸਕੱਤਰ ਹੈ ਅਤੇ ਭਾਜਪਾ ਦੇ ਮਹਿਲਾ ਮੋਰਚਾ ਦੀ ਕੌਮੀ ਮੀਤ ਪ੍ਰਧਾਨ ਵੀ ਹੈ। 50 ਸਾਲਾ ਰੇਖਾ ਦਾ ਜਨਮ 1974 ਵਿਚ

ਹਰਿਆਣਾ ਦੇ ਜੀਂਦ ਜ਼ਿਲ੍ਹੇ ਵਿਚ ਸਥਿਤ ਪਿੰਡ ਨੰਦਗੜ੍ਹ 'ਚ ਹੋਇਆ ਸੀ। ਰੇਖਾ ਗੁਪਤਾ ਨੇ ਦਿੱਲੀ ਦੀ ਸ਼ਾਲੀਮਾਰ ਬਾਗ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੀ ਬੰਦਨਾ ਕੁਮਾਰੀ ਨੂੰ ਹਰਾਇਆ ਸੀ। ਸੋਸ਼ਲ ਮੀਡੀਆ 'ਤੇ ਲੋਕ ਰੇਖਾ ਗੁਪਤਾ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰ ਅਤੇ ਪਤੀ ਬਾਰੇ ਵੀ ਸਰਚ ਕਰ ਰਹੇ ਹਨ। ਰੇਖਾ ਦੇ ਪਤੀ ਮਨੀਸ਼ ਗੁਪਤਾ ਕੀ ਕਰਦੇ ਹਨ? ਭਾਜਪਾ ਵਿਧਾਇਕ ਦਲ ਨੇ ਜਿਵੇਂ ਹੀ ਰੇਖਾ ਗੁਪਤਾ ਨੂੰ ਆਪਣਾ ਨੇਤਾ ਚੁਣਿਆ, ਉਦੋਂ ਤੋਂ ਮੀਡੀਆ ਵਿਚ ਵੱਖ-ਵੱਖ ਐਂਗਲ ਤੋਂ ਖ਼ਬਰਾਂ ਆ ਰਹੀਆਂ ਹਨ। ਲੋਕ ਇਸ ਗੱਲ ਵਿਚ ਦਿਲਚਸਪੀ ਲੈਣ ਲੱਗੇ ਕਿ ਰੇਖਾ ਗੁਪਤਾ ਦਾ ਵਿੱਤੀ ਪਿਛੋਕੜ ਕੀ ਹੈ? ਕੀ ਉਹ ਮੱਧ ਵਰਗ ਤੋਂ ਆਉਂਦੀ ਹੈ ਜਾਂ ਉਹ ਬਹੁਤ ਹੀ ਕੁਲੀਨ ਵਰਗ ਦੀ ਔਰਤ ਹੈ? ਤਾਂ ਆਓ ਜਾਣਦੇ ਹਾਂ ਸਿਰਫ ਰੇਖਾ ਗੁਪਤਾ ਦੀ ਹੀ ਨਹੀਂ, ਉਨ੍ਹਾਂ ਦੇ ਪਤੀ ਦੇ ਨੈੱਟਵਰਥ ਦੇ ਨਾਲ-ਨਾਲ ਹੋਰ ਵੀ ਮਹੱਤਵਪੂਰਨ ਗੱਲਾਂ ਬਾਰੇ- ਦਿੱਲੀ ਦੀ ਸ਼ਾਲੀਮਾਰ ਵਿਧਾਨ ਸਭਾ ਸੀਟ ਤੋਂ ਚੋਣ ਜਿੱਤਣ ਵਾਲੀ ਰੇਖਾ ਗੁਪਤਾ ਦਾ ਜਨਮ 19 ਜੁਲਾਈ 1974 ਨੂੰ ਜੀਂਦ ਜ਼ਿਲ੍ਹੇ ਦੇ ਪਿੰਡ ਨੰਦਗੜ੍ਹ ਵਿਚ ਹੋਇਆ ਸੀ। ਉਨ੍ਹਾਂ ਦੇ ਦਾਦਾ ਇਕ ਆੜ੍ਹਤੀ ਦਾ ਕੰਮ ਕਰਦੇ ਸਨ। ਰੇਖਾ ਦੇ ਪਿਤਾ ਜੈ ਭਗਵਾਨ ਬੈਂਕ ਆਫ ਇੰਡੀਆ 'ਚ ਬਤੌਰ ਮੈਨੇਜਰ ਕੰਮ ਕਰਦੇ ਸਨ। ਮਾਂ ਉਰਮਿਲਾ ਜਿੰਦਲ ਇਕ ਘਰੇਲੂ ਔਰਤ ਹੈ। ਜਦੋਂ ਰੇਖਾ ਗੁਪਤਾ ਦੋ ਸਾਲ ਦੀ ਸੀ ਤਾਂ ਉਸ ਦੇ ਬੈਂਕ ਮੈਨੇਜਰ ਪਿਤਾ ਜੈ ਭਗਵਾਨ ਦਿੱਲੀ ਵਿਚ ਤਾਇਨਾਤ ਸਨ ਅਤੇ ਪਰਿਵਾਰ 1976 ਵਿਚ ਦਿੱਲੀ ਸ਼ਿਫਟ ਹੋ ਗਿਆ ਸੀ। ਰੇਖਾ ਗੁਪਤਾ ਨੇ ਗ੍ਰੈਜੂਏਸ਼ਨ ਤੱਕ ਦੀ ਪੜ੍ਹਾਈ ਦਿੱਲੀ 'ਚ ਹੀ ਕੀਤੀ। ਉਨ੍ਹਾਂ ਦਾ ਵਿਆਹ 1998 ਵਿਚ ਮਨੀਸ਼ ਗੁਪਤਾ ਨਾਲ ਹੋਇਆ ਸੀ। ਨਵੀਂ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੇ ਪਤੀ ਮਨੀਸ਼ ਗੁਪਤਾ ਪੇਸ਼ੇ ਤੋਂ ਸਪੇਅਰ ਪਾਰਟਸ ਕਾਰੋਬਾਰੀ ਹਨ। ਉਹ ਇੰਸ਼ੋਰੈਂਸ ਨਾਲ ਜੁੜਿਆ ਬਿਜਨੈੱਸ ਚਲਾਉਂਦੇ ਵੀ ਹਨ। ਉਨ੍ਹਾਂ ਨੇ ਹਮੇਸ਼ਾ ਆਪਣੀ ਪਤਨੀ ਦਾ ਰਾਜਨੀਤੀ 'ਚ ਸਾਥ ਦਿੱਤਾ। ਰੇਖਾ ਗੁਪਤਾ ਦੇ ਦੋ ਬੱਚੇ ਹਨ, ਬੇਟਾ ਨਿਕੁੰਜ ਗੁਪਤਾ ਅਤੇ ਵੱਡੀ ਬੇਟੀ ਹਰਸ਼ਿਤਾ ਗੁਪਤਾ। ਬੇਟੀ ਆਪਣੇ ਪਿਤਾ ਵਾਂਗ ਕਾਰੋਬਾਰ ਕਰ ਰਹੀ ਹੈ, ਜਦੋਂ ਕਿ ਬੇਟਾ ਨਿਕੁੰਜ ਗੁਪਤਾ ਇਸ ਸਮੇਂ ਪੜ੍ਹਾਈ ਕਰ ਰਿਹਾ ਹੈ। ਰੇਖਾ ਗੁਪਤਾ ਕੋਲ 1.25 ਕਰੋੜ ਰੁਪਏ ਦੀ ਚੱਲ ਜਾਇਦਾਦ ਹੈ, ਜਦਕਿ ਮਨੀਸ਼ ਗੁਪਤਾ ਕੋਲ 1.14 ਕਰੋੜ ਰੁਪਏ ਦੀ ਚੱਲ ਜਾਇਦਾਦ ਹੈ।

ਮਹਾਰਾਸ਼ਟਰ 'ਚ ਨਾਬਾਲਗ ਨਾਲ ਜਬਰ-ਜ਼ਨਾਹ, ਮੱਠ ਦੇ ਪੁਜਾਰੀ ਸਮੇਤ 2 ਗ੍ਰਿਫਤਾਰ

ਮੁੰਬਈ, 20 ਫਰਵਰੀ। ਮਹਾਰਾਸ਼ਟਰ ਦੇ ਅਮਰਾਵਤੀ ਜ਼ਿਲ੍ਹੇ ਵਿਚ ਪੁਲਸ ਨੇ ਇਕ ਮੱਠ ਦੇ 75 ਸਾਲਾ ਪੁਜਾਰੀ ਅਤੇ ਉਸਦੇ ਸਹਾਇਕ ਨੂੰ ਇਕ ਨਾਬਾਲਗ ਲੜਕੀ ਨਾਲ ਵਾਰ-ਵਾਰ ਜਬਰ-ਜ਼ਨਾਹ ਕਰਨ ਅਤੇ ਉਸਨੂੰ ਗਰਭਵਤੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਇਕ ਅਧਿਕਾਰੀ ਨੇ ਦੱਸਿਆ ਕਿ 17 ਸਾਲਾ ਪੀੜਤਾ ਆਪਣੇ ਮਾਪਿਆਂ ਨਾਲ ਅਮਰਾਵਤੀ ਦੇ ਸ਼ਿਰਖੇਡ ਪੁਲਸ ਸਟੇਸ਼ਨ ਪਹੁੰਚੀ ਅਤੇ ਰਿੱਧਪੁਰ ਮੱਠ ਦੇ ਮੁੱਖ ਪੁਜਾਰੀ ਅਤੇ ਹੋਰਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤਕਰਤਾ ਮੁਤਾਬਕ ਉਹ ਆਪਣੇ ਚਾਚਾ ਅਤੇ ਚਾਚੀ ਨਾਲ ਪਿਛਲੇ ਇਕ ਸਾਲ ਤੋਂ ਮੱਠ ਵਿਚ ਸੇਵਾ ਕਰ ਰਹੀ ਸੀ ਅਤੇ ਉਥੇ ਹੀ ਰਹਿੰਦੀ ਸੀ। ਅਧਿਕਾਰੀ ਨੇ ਦੱਸਿਆ ਕਿ ਫਿਰ ਲੜਕੀ ਨੂੰ ਪੁਜਾਰੀ ਸੁਰੇਂਦਰਮੁਨੀ ਤਾਲੇਗਾਂਵਕਰ ਦੇ ਕਮਰੇ ਵਿਚ ਭੇਜ ਦਿੱਤਾ ਗਿਆ, ਜਿੱਥੇ ਉਸਨੇ ਕਥਿਤ ਤੌਰ 'ਤੇ ਉਸ ਨਾਲ ਜਬਰ-ਜ਼ਨਾਹ ਕੀਤਾ। ਪੀੜਤਾ ਨੇ ਦੱਸਿਆ ਕਿ ਮੱਠ ਵਿਚ ਰਹਿਣ ਵਾਲੇ ਬਾਲਾ ਸਾਹਿਬ ਦੇਸਾਈ (40) ਨੇ ਵੀ ਜਬਰ-ਜ਼ਨਾਹ ਕੀਤਾ। ਉਸਨੇ ਦੱਸਿਆ ਕਿ ਦੋਵੇਂ ਮੁਲਜ਼ਮਾਂ ਨੇ ਕਈ ਮਹੀਨਿਆਂ ਤੱਕ ਇਹ ਅਪਰਾਧ ਕੀਤਾ।

ਡਿਪਟੀ ਮੁੱਖ ਮੰਤਰੀ ਸ਼ਿੰਦੇ ਦੀ ਜਾਨ ਨੂੰ ਖ਼ਤਰਾ ! ਕਾਰ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

ਮੁੰਬਈ 20 ਫਰਵਰੀ। ਮਹਾਰਾਸ਼ਟਰ ਦੇ ਡਿਪਟੀ 3$ ਏਕਨਾਥ ਸ਼ਿੰਦੇ ਨੂੰ ਜਾਨ ਤੋਂ ਮਾਨ ਦੀ ਧਮਕੀ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਮੁੰਬਈ ਪੁਲਸ ਨੂੰ ਕਿਸੇ ਅਣਪਛਾਤੇ ਵਿਅਕਤੀ ਨੇ ਫੋਨ ਕਰ ਕੇ ਏਕਨਾਥ ਸ਼ਿੰਦੇ ਦੀ ਕਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ

ਹੈ। ਉਨ੍ਹਾਂ ਨੇ ਦੱਸਿਆ ਕਿ ਗੋਰੇਗਾਂਵ ਅਤੇ ਜੇ. ਜੇ. ਮਾਰਗ ਪੁਲਸ ਥਾਣਿਆਂ ਅਤੇ ਸੂਬਾ ਸਰਕਾਰ ਦੇ ਹੈੱਡਕੁਆਰਟਰ 'ਮੰਤਰਾਲਾ' ਦੇ ਕੰਟਰੋਲ ਰੂਮ ਵਿਚ ਧਮਕੀ ਭਰੇ ਫੋਨ ਆਏ। ਦੱਸ ਦੇਈਏ ਕਿ ਏਕਨਾਥ ਸ਼ਿੰਦੇ ਇਸ ਸਮੇਂ ਦਿੱਲੀ ਦੀ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਰੋਹ ਵਿਚ ਸ਼ਾਮਲ ਹੋਣ ਲਈ ਦਿੱਲੀ ਆਏ ਹੋਏ ਹਨ। ਧਮਕੀ ਦੀ ਖ਼ਬਰ ਮਿਲਣ ਮਗਰੋਂ ਹੀ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਪੁਲਸ ਧਮਕੀ ਦੇਣ ਵਾਲੇ ਦੀ ਭਾਲ ਕਰ ਰਹੀ ਹੈ। ਇਸ ਤੋਂ ਪਹਿਲਾਂ ਜਨਵਰੀ 2025 ਵਿਚ ਇਕ 24 ਸਾਲ ਦੇ ਨੌਜਵਾਨ ਨੇ ਸੋਸ਼ਲ ਮੀਡੀਆ 'ਤੇ ਏਕਨਾਥ ਸ਼ਿੰਦੇ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਸੀ।

ਕੇਂਦਰ ਨੇ ਆਫ਼ਤ ਪ੍ਰਭਾਵਿਤ 5 ਸੂਬਿਆਂ ਲਈ 1554 ਕਰੋੜ ਰੁਪਏ ਦੀ ਰਾਸ਼ੀ ਕੀਤੀ ਮਨਜ਼ੂਰ

ਨਵੀਂ ਦਿੱਲੀ 20 ਫਰਵਰੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਾਲੀ ਇਕ ਕਮੇਟੀ ਨੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਫੰਡ (ਐੱਨਡੀਆਰਐੱਫ) ਦੇ ਤਹਿਤ ਸਾਲ 2024 'ਚ ਹੜ੍ਹ, ਜ਼ਮੀਨ ਖਿਸਕਣ ਅਤੇ ਚੱਕਰਵਾਤੀ ਤੂਫਾਨਾਂ ਤੋਂ ਪ੍ਰਭਾਵਿਤ

ਪੰਜ ਸੂਬਿਆਂ ਨੂੰ 1554.99 ਕਰੋੜ ਰੁਪਏ ਦੀ ਵਾਧੂ ਕੇਂਦਰੀ ਮਦਦ ਰਾਸ਼ੀ ਮੁਹੱਈਆ ਕਰਵਾਉਣ ਨੂੰ ਮਨਜ਼ੂਰੀ ਦਿੱਤੀ ਹੈ। ਅਧਿਕਾਰਤ ਬਿਆਨ ਦੇ ਅਨੁਸਾਰ, ਕੁੱਲ 1554.99 ਕਰੋੜ ਰੁਪਏ ਦੀ ਰਕਮ 'ਚੋਂ, ਆਂਧਰਾ ਪ੍ਰਦੇਸ਼ ਨੂੰ 608.08 ਕਰੋੜ ਰੁਪਏ, ਨਾਗਾਲੈਂਡ ਨੂੰ 170.99 ਕਰੋੜ ਰੁਪਏ, ਓਡੀਸ਼ਾ ਨੂੰ 255.24 ਕਰੋੜ ਰੁਪਏ, ਤੇਲੰਗਾਨਾ ਨੂੰ 231.75 ਕਰੋੜ ਰੁਪਏ ਅਤੇ ਤ੍ਰਿਪੁਰਾ ਨੂੰ 288.93 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤਾ,÷ਮੋਦੀ ਸਰਕਾਰ ਆਫ਼ਤ ਪ੍ਰਭਾਵਿਤ ਲੋਕਾਂ ਨਾਲ ਚੱਟਾਨ ਵਾਂਗ ਖੜ੍ਹੀ ਹੈ। ਅੱਜ ਗ੍ਰਹਿ ਮੰਤਰਾਲਾ ਨੇ ਐੱਨ.ਡੀ.ਆਰ. ਫੰਡ ਦੇ ਅਧੀਨ ਆਂਧਰਾ ਪ੍ਰਦੇਸ਼, ਨਾਗਾਲੈਂਡ, ਓਡੀਸ਼ਾ, ਤੇਲੰਗਾਨਾ ਅਤੇ ਤ੍ਰਿਪੁਰਾ ਨੂੰ 1554.99 ਕਰੋੜ ਰੁਪਏ ਦੀ ਵਾਧੂ ਕੇਂਦਰੀ ਮਦਦ ਰਾਸ਼ੀ ਨੂੰ ਮਨਜ਼ੂਰੀ ਦਿੱਤੀ। ਸਾਰੇ ਸੂਬਿਆਂ ਨੂੰ ਰਾਜ ਆਫ਼ਤ ਪ੍ਰਕਿਰਿਆ ਫੰਡ (ਐੱਸ.ਡੀ.ਆਰ. ਫੰਡ) ਦੇ ਅਧੀਨ ਪਹਿਲੇ ਹੀ 18,322.80 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ, ਜਿਸ ਤੋਂ ਬਾਅਦ 5 ਸੂਬਿਆਂ ਨੂੰ ਇਹ ਵਾਧੂ ਮਦਦ ਰਾਸ਼ੀ ਪ੍ਰਦਾਨ ਕੀਤੀ ਗਈ ਹੈ।" ਇਹ ਵਾਧੂ ਮਦਦ ਉਨ੍ਹਾਂ ਫੰਡਾਂ ਤੋਂ ਇਲਾਵਾ ਹੈ ਜੋ ਕੇਂਦਰ ਸਰਕਾਰ ਪਹਿਲਾਂ ਹੀ ਸੂਬਿਆਂ ਨੂੰ ਉਨ੍ਹਾਂ ਦੇ ਐੱਸ.ਡੀ.ਆਰ. ਫੰਡ ਦੇ ਅਧੀਨ ਜਾਰੀ ਕਰ ਚੁੱਕੀ ਹੈ।

ਜੋਹਾਨਸਬਰਗ 'ਚ ਆਪਣੇ ਸਿੰਗਾਪੁਰ-ਬ੍ਰਾਜ਼ੀਲ ਹਮਰੁਤਬਾ ਮੰਤਰੀਆਂ ਨੂੰ ਮਿਲੇ ਜੈਸ਼ੰਕਰ

ਵੈੱਬ ਡੈਸਕ 20 ਫਰਵਰੀ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਨੂੰ ਦੱਖਣੀ ਅਫਰੀਕਾ ਦੇ ਜੋਹਾਨਸਬਰਗ ਵਿੱਚ ਸਿੰਗਾਪੁਰ ਅਤੇ ਬ੍ਰਾਜ਼ੀਲ ਦੇ ਆਪਣੇ ਹਮਰੁਤਬਾ ਮੰਤਰੀਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ, ਦੋਵਾਂ ਨੇਤਾਵਾਂ ਨੇ ਵਿਸ਼ਵਵਿਆਪੀ ਵਿਕਾਸ ਦੇ ਨਾਲ-ਨਾਲ ਦੁਵੱਲੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਜੈਸ਼ੰਕਰ ਜੀ-20 ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਦੱਖਣੀ ਅਫਰੀਕਾ ਦੇ ਦੋ ਦਿਨਾਂ ਦੌਰੇ 'ਤੇ ਜੋਹਾਨਸਬਰਗ ਵਿੱਚ ਹਨ। ਉਨ੍ਹਾਂ ਨੇ ਮੀਟਿੰਗ ਤੋਂ ਇਲਾਵਾ ਸਿੰਗਾਪੁਰ ਦੇ ਵਿਦੇਸ਼ ਮੰਤਰੀ ਵਿਵੀਅਨ ਬਾਲਾਕ੍ਰਿਸ਼ਨਨ ਤੇ ਬ੍ਰਾਜ਼ੀਲ ਦੇ ਵਿਦੇਸ਼ ਮੰਤਰੀ ਮੌਰੋ ਵੀਏਰਾ ਨਾਲ ਮੁਲਾਕਾਤ ਕੀਤੀ। ਜੈਸ਼ੰਕਰ ਨੇ ਐਕਸ 'ਤੇ ਪੋਸਟ ਕੀਤਾ ਕਿ ਸਿੰਗਾਪੁਰ ਦੇ ਵਿਦੇਸ਼ ਮੰਤਰੀ ਵਿਵੀਅਨ ਬਾਲਾਕ੍ਰਿਸ਼ਨਨ ਨਾਲ ਹਮੇਸ਼ਾ ਚੰਗੀ ਗੱਲਬਾਤ ਹੁੰਦੀ ਹੈ, ਇਸ ਵਾਰ ਇਹ ਜੋਹਾਨਸਬਰਗ ਵਿੱਚ 720 ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਇਲਾਵਾ ਹੋਈ। ਵਿਸ਼ਵਵਿਆਪੀ ਸਥਿਤੀ ਅਤੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਦੇ ਉਪਾਵਾਂ 'ਤੇ ਚਰਚਾ ਕੀਤੀ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਬ੍ਰਾਜ਼ੀਲੀ ਹਮਰੁਤਬਾ ਵੀਏਰਾ ਨਾਲ ਦੁਵੱਲੇ ਸਬੰਧਾਂ, ਵਿਸ਼ਵਵਿਆਪੀ ਵਿਕਾਸ ਅਤੇ ਜੀ-20 ਅਤੇ ਬ੍ਰਾਜ਼ੀਲ ਦੇ ਬ੍ਰਿਕਸ ਪ੍ਰਧਾਨਗੀ ਵਿੱਚ ਦੋਵਾਂ ਦੇਸ਼ਾਂ ਦੇ ਕੰਮ ਬਾਰੇ ਚਰਚਾ ਕੀਤੀ। ਬ੍ਰਾਜ਼ੀਲ ਸਰਕਾਰ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਸੀ ਕਿ ਅਗਲਾ ਬ੍ਰਿਕਸ ਸੰਮੇਲਨ 6-7 ਜੁਲਾਈ ਨੂੰ ਰੀਓ ਡੀ ਜਨੇਰੀਓ ਵਿੱਚ ਹੋਵੇਗਾ। 2009 ਵਿੱਚ ਬਣਿਆ ਬ੍ਰਿਕਸ, ਇੱਕੋ ਇੱਕ ਵੱਡਾ ਅੰਤਰਰਾਸ਼ਟਰੀ ਸਮੂਹ ਹੈ ਜਿਸਦਾ ਅਮਰੀਕਾ ਹਿੱਸਾ ਨਹੀਂ ਹੈ। ਬ੍ਰਿਕਸ ਮੈਂਬਰਾਂ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ, ਮਿਸਰ, ਇਥੋਪੀਆ, ਇੰਡੋਨੇਸ਼ੀਆ, ਈਰਾਨ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਸ਼ਾਮਲ ਹਨ।

ਪੰਜਾਬ 'ਚ ਮਿਲ ਰਹੀਆਂ ਨੌਕਰੀਆਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਬਿਆਨ

ਏਜੰਸੀਆਂ

ਜਲੰਧਰ/ਚੰਡੀਗੜ੍ਹ 20 ਫਰਵਰੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਜਦੋਂ ਤੋਂ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ, ਉਦੋਂ ਤੋਂ ਆਮ ਘਰਾਂ ਦੇ ਬੱਚਿਆਂ ਨੂੰ ਭ੍ਰਿਸ਼ਟਾਚਾਰ ਅਤੇ ਸਿਫ਼ਾਰਿਸ਼ ਤੋਂ ਬਿਨਾਂ ਨੌਕਰੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਭ੍ਰਿਸ਼ਟਾਚਾਰ ਤੋਂ ਸਿਵਾਏ ਕੁਝ ਨਹੀਂ ਦਿੱਤਾ, ਜਿਸ ਕਾਰਨ ਨੌਜਵਾਨਾਂ ਵਿਚ ਨਿਰਾਸ਼ਾ ਦੀ ਭਾਵਨਾ ਭਰ ਗਈ ਹੈ। ਸੂਬੇ 'ਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਹੀ ਅਸਲ 'ਚ ਤਬਦੀਲੀ ਆਉਣੀ ਸ਼ੁਰੂ ਹੋਈ। ਮੁੱਖ ਮੰਤਰੀ ਨੇ ਕਿਹਾ ਕਿ ਸਖ਼ਤ ਮਿਹਨਤ ਤੋਂ ਬਾਅਦ ਹੁਸ਼ਿਆਰਪੁਰ ਜ਼ਿਲ੍ਹੇ ਦਾ ਲਵਪ੍ਰੀਤ ਸਿੰਘ ਐੱਸ. ਡੀ. ਐੱਮ. ਬਣ ਗਿਆ ਹੈ। ਉਹ ਇਕ ਸਾਧਾਰਨ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਨ੍ਹਾਂ ਕਿਹਾ ਕਿ ਆਮ ਘਰਾਂ ਦੇ ਬੱਚਿਆਂ ਦੇ ਸੁਫ਼ਨੇ ਹੁਣ ਸਾਕਾਰ ਹੋਣੇ ਸ਼ੁਰੂ ਹੋ ਗਏ ਹਨ। ਆਮ ਆਦਮੀ ਪਾਰਟੀ ਦਾ ਇਹ ਵਾਅਦਾ ਹੈ ਕਿ ਉਹ ਭ੍ਰਿਸ਼ਟਾਚਾਰ ਅਤੇ ਬਿਨਾਂ ਸਿਫ਼ਾਰਿਸ਼ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਵੇਗੀ। ਇਸ ਦਿਸ਼ਾ ਵਿਚ ਪਹਿਲਕਦਮੀ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਦੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਵਾਅਦਾ ਕੀਤਾ ਸੀ ਅਤੇ ਹੁਣ 'ਰੰਗਲਾ ਪੰਜਾਬ' ਬਣਦਾ ਨਜ਼ਰ ਆ ਰਿਹਾ ਹੈ। ਭਾਵੇਂ ਇਸ ਦਿਸ਼ਾ ਵਿਚ ਹੋਰ ਕਦਮ ਚੁੱਕਣ ਦੀ ਲੋੜ ਹੈ, ਫਿਰ ਵੀ ਉਹ ਸੂਬੇ ਦੇ ਸਮੂਹ ਨੌਜਵਾਨਾਂ ਨੂੰ ਅਪੀਲ ਕਰਦੇ

ਫਗਵਾੜਾ ਦੇ ਪੇਂਡੂ ਇਲਾਕਿਆਂ 'ਚ ਫੈਲੀ ਲੁਟੇਰਿਆਂ ਦੀ ਦਹਿਸਤ

ਫਗਵਾੜਾ 20 ਫਰਵਰੀ। ਫਗਵਾੜਾ ਦੇ ਪੇਂਡੂ ਇਲਾਕਿਆਂ 'ਚ ਲੁਟੇਰਿਆਂ ਦੀ ਦਹਿਸਤ ਜਾਰੀ ਹੈ। ਜਾਰੀ ਘਟਨਾਕ੍ਰਮ ਕਾਰਨ ਪਿੰਡਾਂ 'ਚ ਰਹਿਣ ਵਾਲੇ ਲੋਕਾਂ 'ਚ ਲੁਟੇਰਿਆਂ ਨੂੰ ਲੈ ਕੇ ਭਾਰੀ ਡਰ ਅਤੇ ਦਹਿਸਤ ਦਾ ਮਾਹੌਲ ਹੈ। ਜਾਣਕਾਰੀ ਅਨੁਸਾਰ ਲੁਟੇਰਿਆਂ ਨੇ ਪਿੰਡ ਨਰੂੜ ਅਤੇ ਪਿੰਡ ਭਾਬੀਆਂਣ ਦੇ ਲਾਗੇ ਇਕ ਤੋਂ ਬਾਅਦ ਇਕ ਲੁੱਟਖੋਹ ਦੀਆਂ ਦੋ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ। ਹਾਲਾਂਕਿ ਪੁਲਸ ਨੇ ਪਿੰਡ ਨਰੂੜ ਵਿੱਚ ਹੋਈ ਲੁੱਟ ਦਾ ਮਾਮਲਾ ਸੁਲਝਾ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੁਲਸ ਨੇ ਪਿੰਡ ਨਰੂੜ ਦੇ ਲਾਗੇ ਗੰਨੇ ਦੇ ਖੇਤਾਂ 'ਚ ਕਈ ਘੰਟਿਆਂ ਤੱਕ ਤਲਾਸੀ ਮੁਹਿੰਮ ਚਲਾਈ, ਜਿਸ ਦੌਰਾਨ ਦੋ ਲੁਟੇਰਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੀ ਪੁਸਟੀ ਕਰਦਿਆਂ ਥਾਣਾ ਰਾਵਲਪਿੰਡੀ ਦੀ ਐੱਸ. ਐੱਚ. ਓ. ਊਸਾ ਰਾਣੀ ਨੇ ਦੱਸਿਆ ਕਿ ਮੁਲਜਮਾਂ ਤੋਂ ਪੁੱਛਗਿੱਛ ਜਾਰੀ ਹੈ। ਉਨ੍ਹਾਂ ਦੱਸਿਆ ਕਿ ਲੁਟੇਰਿਆਂ ਨੇ ਮੋਟਰਸਾਈਕਲ 'ਤੇ ਸਵਾਰ ਪਿੰਡ ਰੇਹਾਣਾਂ ਜੱਟਾਂ ਤੋਂ ਪਿੰਡ ਨਰੂੜ ਜਾ ਰਹੇ ਇਕ ਵਿਅਕਤੀ ਤੋਂ ਲਿਫਟ ਲਈ ਅਤੇ ਉਸ ਨੂੰ ਲੁੱਟ ਦਾ ਨਿਸਾਨਾ ਬਣਾਇਆ। ਲੁਟੇਰਿਆਂ ਨੇ ਉਸ ਦੇ ਸਿਰ 'ਤੇ ਵਾਰ ਕਰਕੇ ਉਸ ਦਾ ਮੋਬਾਇਲ ਫੋਨ ਆਦਿ ਲੁੱਟ ਲਿਆ। ਜਦੋਂ ਪੀੜਤ ਨੇ ਰੌਲਾ ਪਾਇਆ ਤਾਂ ਦੋਸੀ ਲੁਟੇਰੇ ਨੇੜਲੇ ਗੰਨੇ ਦੇ ਖੇਤਾਂ ਵੱਲ ਭੱਜ ਗਏ ਜਿਸ ਨੂੰ ਪੁਲਸ ਨੇ ਮੌਕੇ 'ਤੇ ਹੀ ਸਰਚ ਆਪਰੇਸ਼ਨ ਚਲਾ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਲੁੱਟ ਦਾ ਸ਼ਿਕਾਰ ਹੋਏ ਵਿਅਕਤੀ ਨੇ ਖੁਲਾਸਾ ਕੀਤਾ ਹੈ ਕਿ ਲੁਟੇਰਿਆਂ ਕੋਲ ਪਿਸਤੌਲ ਸੀ। ਦੋਸੀਆ ਨੇ ਪਿਸਤੌਲ ਦੀ ਬੱਟ ਉਸ ਦੇ ਸਿਰ 'ਤੇ ਮਾਰ ਦਿੱਤੀ

ਅਤੇ ਉਸ ਨੂੰ ਜਖਮੀ ਕਰ ਦਿੱਤਾ ਅਤੇ ਉਸ ਦਾ ਮੋਬਾਇਲ ਫੋਨ ਲੁੱਟ ਲਿਆ। ਇਸੇ ਤਰਜ 'ਤੇ ਇਕ ਹੋਰ ਵਾਰਦਾਤ 'ਚ ਪਿੰਡ ਭਾਬੀਆਣਾ ਲਾਗੇ ਪੈਦਲ ਜਾ ਰਹੇ ਇਕ ਵਿਅਕਤੀ ਦਾ ਮੋਬਾਇਲ ਫੋਨ ਮੋਟਰਸਾਈਕਲ ਸਵਾਰ ਤਿੰਨ ਨਕਾਬਪੋਸ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ ਲੁੱਟ ਲਿਆ ਦੱਸਿਆ ਜਾ ਰਿਹਾ ਹੈ। ਲੁਟੇਰੇ ਮੋਟਰਸਾਈਕਲ 'ਤੇ ਸਵਾਰ ਸਨ ਅਤੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋ ਗਏ ਹਨ। ਪੀੜਤ ਨੇ ਦੱਸਿਆ ਕਿ ਮਾਮਲੇ ਦੀ ਸੂਚਨਾ ਥਾਣਾ ਰਾਵਲਪਿੰਡੀ ਦੀ ਪੁਲਸ ਨੂੰ ਦਿਤੀ ਗਈ ਹੈ। ਇਸ ਸਬੰਧੀ ਥਾਣਾ ਰਾਵਲਪਿੰਡੀ ਦੀ ਐੱਸ. ਐੱਚ. ਓ. ਊਸਾ ਰਾਣੀ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਉਕਤ ਘਟਨਾ ਦੀ ਜਾਣਕਾਰੀ ਨਹੀਂ ਹੈ। ਪਰ ਇਸ ਬਾਰੇ ਉਹ ਪਤਾ ਕਰਨਗੇ। 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਕਈ ਪਿੰਡ ਵਾਸੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸਰਤ 'ਤੇ ਦੱਸਿਆ ਕਿ ਪਿੰਡ ਨਰੂੜ, ਪਿੰਡ ਰੇਹਾਣਾ ਜੱਟਾ, ਪਿੰਡ ਭਬੀਆਣਾ ਆਦਿ ਸਮੇਤ ਹੋਰ ਪਿੰਡਾਂ ਦੇ ਰਸਤੇ 'ਚ ਲੁਟੇਰੇ ਲੁੱਟਖੋਹ ਦੀਆਂ ਘਟਨਾਵਾਂ ਨੂੰ ਬਿਨਾਂ ਕਿਸੇ ਡਰ ਤੋਂ ਸ਼ਰੇਆਮ ਦਿਨ-ਦਿਹਾੜੇ ਅੰਜਾਮ ਦੇ ਰਹੇ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਉਹ ਆਏ ਦਿਨ ਹੋ ਰਹੀਆਂ ਵਾਰਦਾਤਾਂ ਕਾਰਨ ਦਹਿਸ਼ਤ 'ਚ ਹਨ ਕਿਉਂਕਿ ਲੁਟੇਰਿਆਂ ਕੋਲ ਅਕਸਰ ਪਿਸਤੌਲ ਸਮੇਤ ਤੇਜਧਾਰ ਹਥਿਆਰ ਆਦਿ ਹੁੰਦੇ ਹਨ। ਪਿੰਡ ਨਰੂੜ ਦੇ ਕੁਝ ਲੋਕਾਂ ਨੇ ਮੌਕੇ 'ਤੇ ਥਾਣਾ ਰਾਵਲਪਿੰਡੀ ਅਤੇ ਚੌਕੀ ਪਾਂਸ਼ਟਾ ਦੀ ਪੁਲਸ ਵੱਲੋਂ ਅੱਜ ਚਲਾਈ ਗਈ ਤਲਾਸੀ ਮੁਹਿੰਮ ਦੀ ਸਲਾਘਾ ਕੀਤੀ ਅਤੇ ਕਿਹਾ ਕਿ ਇਹ ਇਸ ਦਾ ਹੀ ਨਤੀਜਾ ਹੈ ਕਿ ਮੌਕੇ ਤੋਂ ਦੋ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲੋਕਾਂ ਨੇ ਕਿਹਾ ਕਿ ਆਮ ਜਨਤਾ ਦੀ ਸੁਰੱਖਿਆ ਲਈ ਪੁਲਸ ਨੂੰ ਲੁਟੇਰਿਆਂ ਨੂੰ ਕਾਬੂ ਕਰਨ ਲਈ ਪਿੰਡਾਂ ਨੂੰ ਜਾਣ ਵਾਲੀਆਂ ਸੜਕਾਂ 'ਤੇ ਪੱਕੇ ਤੌਰ 'ਤੇ ਚੈਕਿੰਗ ਨਾਕੇ ਲਗਾਉਣ ਦੀ ਲੋੜ ਹੈ। ਜਦਕਿ ਕੁਝ ਲੋਕਾਂ ਨੇ ਕਿਹਾ ਕਿ ਰਾਤ ਦੇ ਸਮੇਂ ਪਿੰਡਾਂ ਦੀਆਂ ਸੜਕਾਂ ਸੁੰਨਸਾਨ ਹੁੰਦੀਆਂ ਹਨ। ਇਥੇ ਰਾਤ ਦੇ ਸਮੇਂ ਕੀ ਹੋਵੇਗਾ, ਇਹ ਨਹੀਂ ਕਿਹਾ ਜਾ ਸਕਦਾ। ਜਿ?ਲ੍ਹਾ ਕਪੂਰਥਲਾ ਪੁਲਸ ਨੂੰ ਠੋਸ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਆਮ ਲੋਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

ਟ੍ਰਾਲੀ ਬੈਗ 'ਚ ਸ਼ਰਾਬ ਲੁਕਾ ਕੇ ਬਿਹਾਰ ਲਿਜਾ ਰਹੇ 4 ਸਮੱਗਲਰ ਗ੍ਰਿਫ਼ਤਾਰ, 178 ਸ਼ਰਾਬ ਦੀਆਂ ਬੋਤਲਾਂ ਵੀ ਬਰਾਮਦ

ਚੰਡੀਗੜ੍ਹ 20 ਫਰਵਰੀ। ਟ੍ਰਾਲੀ ਬੈਗ ਵਿਚ ਸ਼ਰਾਬ ਲੁਕੋ ਕੇ ਬਿਹਾਰ ਲੈ ਕੇ ਜਾ ਰਹੇ ਚਾਰ ਸਮੱਗਲਰਾਂ ਨੂੰ ਪੁਲਸ ਨੇ ਚੰਡੀਗੜ੍ਹ ਰੇਲਵੇ ਸਟੇਸ਼ਨ ਦੇ ਗੇਟ ਨੇੜਿਓਂ ਕਾਬੂ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਬਿਹਾਰ ਵਾਸੀ ਬਿੰਦਰ ਕੁਮਾਰ, ਸੂਰਤ ਕੁਮਾਰ, ਮੁਕੇਸ਼ ਕੁਮਾਰ ਅਤੇ ਅਮਰੀਸ਼ ਕੁਮਾਰ ਵਜੋਂ ਹੋਈ ਹੈ। ਤਲਾਸ਼ੀ ਦੌਰਾਨ ਟ੍ਰਾਲੀ ਬੈਗ ਵਿਚੋਂ ਸ਼ਰਾਬ ਦੀਆਂ 178 ਬੋਤਲਾਂ ਬਰਾਮਦ ਹੋਈਆਂ। ਇੰਡਸਟ੍ਰੀਅਲ ਏਰੀਆ ਥਾਣਾ ਪੁਲਸ ਨੇ ਸ਼ਰਾਬ ਜਬਤ ਕਰ ਕੇ ਉਕਤ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਦੜਵਾ ਚੌਕੀ ਇੰਚਾਰਜ ਸੁਦੇਸ਼ ਕੁਮਾਰ ਨੂੰ ਸੂਚਨਾ ਮਿਲੀ ਕਿ ਟ੍ਰਾਲੀ ਬੈਗ ਵਿਚ ਸ਼ਰਾਬ ਲੁਕਾ ਕੇ ਟ੍ਰੇਨ ਜਰੀਏ ਚਾਰ ਵਿਅਕਤੀ ਸ਼ਰਾਬ ਸਪਲਾਈ ਕਰਨ ਜਾ ਰਹੇ ਹਨ। ਸੂਚਨਾ ਮਿਲਦਿਆਂ ਹੀ ਸਮੱਗਲਰਾਂ ਨੂੰ ਫੜਨ ਲਈ ਪੁਲਸ ਟੀਮ ਦਾ ਗਠਨ ਕੀਤਾ ਗਿਆ। ਆਟੋ ਵਿਚੋਂ ਚਾਰ

ਵਿਅਕਤੀ ਟ੍ਰਾਲੀ ਬੈਗ ਲੈ ਕੇ ਉੱਤਰੇ ਅਤੇ ਰੇਲਵੇ ਸਟੇਸ਼ਨ ਦੇ ਅੰਦਰ ਜਾਣ ਲੱਗੇ। ਪੁਲਸ ਟੀਮ ਨੇ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਦੇ ਗੇਟ ਨੇੜਿਓਂ ਕਾਬੂ ਕਰ ਲਿਆ ਅਤੇ ਜਦੋਂ ਟ੍ਰਾਲੀ ਬੈਗ ਦੀ ਚੈਕਿੰਗ ਕੀਤੀ ਤਾਂ ਉਸ ਵਿਚੋਂ ਸ਼ਰਾਬ ਦੀਆਂ ਬੋਤਲਾਂ ਬਰਾਮਦ ਹੋਈਆਂ।

ਬਹੁ-ਕਰੋੜੀ ਡਰੱਗ ਰੈਕਟ ਮਾਮਲਾ, ਅਮਰਿੰਦਰ ਸਿੰਘ ਬਿੱਟੂ ਅਤੇ ਜਗਤਾਰ ਸਿੰਘ ਜੱਗੀ ਚਹਿਲ ਤੋਂ ਪੁੱਛਗਿੱਛ

ਪਟਿਆਲਾ 20 ਫਰਵਰੀ। ਬਹੁ-ਕਰੋੜੀ ਡਰੱਗ ਰੈਕਟ ਮਾਮਲੇ 'ਚ ਏ. ਡੀ. ਜੀ. ਪੀ. ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਵਾਲੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐੱਸ. ਆਈ. ਟੀ.) ਦੇ ਸਾਹਮਣੇ ਅਮਰਿੰਦਰ ਸਿੰਘ ਬਿੱਟੂ ਚਹਿਲ ਅਤੇ ਜਗਤਾਰ ਸਿੰਘ ਜੱਗੀ ਚਹਿਲ ਵੀ ਪੇਸ਼ ਹੋਏ। ਉਨ੍ਹਾਂ ਤੋਂ ਕਾਫੀ ਲੰਬਾ ਤਾਂ ਐੱਸ. ਆਈ. ਟੀ. ਦੇ ਮੈਂਬਰਾਂ ਨੇ ਪੁੱਛਗਿੱਛ ਕੀਤੀ। ਐੱਸ. ਆਈ. ਟੀ. ਵੱਲੋਂ ਇਸ ਕੇਸ 'ਚ ਮੁੜ ਤੋਂ ਸ਼ੁਰੂ ਕੀਤੀ ਗਈ ਪੁੱਛਗਿੱਛ 'ਚ ਫਿਰ ਤੋਂ ਕੇਸ ਨਾਲ ਸਬੰਧ ਰੱਖਣ ਵਾਲੇ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਬਿਕਰਮ ਸਿੰਘ ਮਜੀਠੀਆ ਨੂੰ 18 ਦਸੰਬਰ ਨੂੰ ਪੇਸ਼ ਹੋਣ ਲਈ ਬੁਲਾਇਆ ਗਿਆ ਹੈ। ਇਸ ਤੋਂ ਪਹਿਲਾਂ ਐੱਸ. ਆਈ. ਟੀ. ਦੀ ਟੀਮ ਕੇਸ ਨੂੰ ਪੂਰੀ ਤਰ੍ਹਾਂ ਪੁਖਤਾ ਕਰਨ ਲਈ ਸਬੰਧਤ

ਵਿਅਕਤੀਆਂ ਤੋਂ ਪੁੱਛਗਿੱਛ ਕਰ ਰਹੀ ਹੈ। ਉਨ੍ਹਾਂ ਦੇ ਬਿਆਨ ਵੀ ਕਲਮਬੱਧ ਕੀਤੇ ਜਾ ਰਹੇ ਹਨ। ਅੱਜ ਪੇਸ਼ ਦੋਨਾ ਤੋਂ ਐੱਸ. ਆਈ. ਟੀ. ਦੇ ਚੇਅਰਮੈਨ ਮੁਖਵਿੰਦਰ ਸਿੰਘ ਛੀਨਾ, ਡੀ. ਆਈ. ਜੀ. ਰਣਜੀਤ ਸਿੰਘ ਢਿੱਲੋਂ, ਐੱਸ. ਪੀ. ਹਰਵਿੰਦਰ ਵਿਰਕ, ਡੀ. ਐੱਸ. ਪੀ. ਜਸਵਿੰਦਰ ਸਿੰਘ ਟਿਵਾਣਾ, ਡੀ. ਐੱਸ. ਪੀ. ਨਰਿੰਦਰ ਸਿੰਘ ਅਤੇ ਡੀ. ਐੱਸ. ਪੀ. ਅਮਰਪ੍ਰੀਤ ਸਿੰਘ ਤੋਂ ਕਈ ਸਵਾਲ ਪੁੱਛੇ ਅਤੇ ਇਸ ਕੇਸ ਸਬੰਧੀ ਰਿਕਾਰਡ ਵੀ ਲਿਆ। ਦੋਵੇਂ ਦੇਰ ਸ਼ਾਮ ਏ. ਡੀ. ਜੀ. ਪੀ. ਛੀਨਾ ਦੇ ਦਫਤਰ 'ਚੋਂ ਬਾਹਰ ਆਏ ਅਤੇ ਚੁਪ ਚਾਪ ਚਲੇ ਗਏ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਭਾਜਪਾ ਆਗੂ ਅਤੇ ਅਮਰਪਾਲ ਸਿੰਘ ਬੋਨੀ ਅਜਨਾਲਾ ਵੀ ਐੱਸ. ਆਈ. ਟੀ. ਦੇ ਅੱਗੇ ਪੇਸ਼ ਹੋਏ ਸਨ ਅਤੇ ਉਨ੍ਹਾਂ ਤੋਂ ਐੱਸ. ਆਈ. ਟੀ. ਨੇ ਸਾਢੇ 5 ਘੰਟੇ ਪੁੱਛਗਿੱਛ ਕਰ ਕੇ ਬਿਆਨ ਕਮਲਬੱਧ ਕੀਤੇ ਸਨ।

ਘਰ ਆਉਂਦੇ ਆਸ਼ਕ ਨੂੰ ਪਤਨੀ ਨੇ ਦੱਸਿਆ ਚਚੇਰਾ ਭਰਾ, ਫਿਰ ਦੋਵਾਂ ਨੇ ਮਿਲ ਕੇ ਚਾੜ੍ਹ ਦਿੱਤਾ ਚੰਨ

ਡੇਰਾਬੱਸੀ 20 ਫਰਵਰੀ। ਪਿੰਡ ਮੋਰਠੀਕਰੀ ਤੋਂ 30 ਸਾਲਾ ਵਿਆਹੁਤਾ ਇਕ ਨੌਜਵਾਨ ਸਮੇਤ 11 ਦਿਨਾਂ ਤੋਂ ਤਿੰਨ ਬੱਚਿਆਂ ਨੂੰ ਛੱਡ ਕੇ ਲਾਪਤਾ ਹੈ। ਦੋ ਪੁੱਤਰਾਂ ਅਤੇ ਇਕ ਧੀ ਨਾਲ ਉਸਦਾ ਪਤੀ ਉਸ ਦੀ ਭਾਲ ਵਿਚ ਥਾਂ-ਥਾਂ ਭਟਕ ਰਿਹਾ ਹੈ। ਫੋਨ 'ਤੇ ਗੱਲ ਕਰਨ ਦੇ ਬਾਵਜੂਦ ਬੱਚਿਆਂ ਦੀ ਮਾਂ ਨੇ ਘਰ ਪਰਤਣ ਤੋਂ ਇਨਕਾਰ ਕਰ ਦਿੱਤਾ। ਮੁਬਾਰਕਪੁਰ ਪੁਲਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਤਨੀ ਨੇ ਪਤੀ ਦੀ ਗੈਰ-ਹਾਜ਼ਰੀ ਵਿਚ ਆਏ ਨੌਜਵਾਨ ਨੂੰ ਆਪਣਾ ਚਚੇਰਾ ਭਰਾ ਦੱਸਿਆ ਸੀ ਅਤੇ ਉਸ ਨੂੰ ਉਸ 'ਤੇ ਕੋਈ ਸ਼ੱਕ ਨਹੀਂ ਸੀ। ਬਿਹਾਰ ਦੇ ਰਹਿਣ ਵਾਲੇ 32 ਸਾਲਾ ਦਲੀਪ ਸ਼ਰਮਾ ਨੇ ਦੱਸਿਆ ਕਿ ਉਹ ਕਾਰਪੇਂਟਰ ਦਾ ਕੰਮ ਕਰਦਾ ਹੈ। ਉਸ ਦਾ ਵਿਆਹ ਅਲਕਾ ਨਾਲ 2009 'ਚ ਹੋਇਆ ਸੀ। ਦਲੀਪ ਦੇ 13 ਅਤੇ 9 ਸਾਲ ਦੇ ਦੋ ਬੇਟੇ ਅਤੇ 7 ਸਾਲ ਦੀ ਇਕ ਬੇਟੀ ਹੈ। ਦਲੀਪ ਮੁਤਾਬਕ ਉਹ 16 ਨਵੰਬਰ ਨੂੰ ਕੰਮ ਲਈ ਲੱਦਾਖ ਗਿਆ ਸੀ। ਬਾਅਦ 'ਚ 22 ਸਾਲਾ ਨੌਜਵਾਨ ਉਸ ਦੇ ਘਰ ਆਉਣ ਲੱਗਾ, ਜਿਸ ਨੂੰ ਉਸ ਦੀ ਪਤਨੀ ਨੇ ਪਿੰਡ ਦਾ ਰਹਿਣ ਵਾਲਾ ਆਪਣਾ ਚਚੇਰਾ ਭਰਾ ਪੰਕਜ ਦੱਸਿਆ। ਉਹ ਪੰਕਜ ਨੂੰ ਜਾਣਦਾ ਸੀ, ਇਸ ਲਈ ਉਸ 'ਤੇ ਕੋਈ ਸ਼ੱਕ ਨਹੀਂ ਸੀ। 3 ਦਸੰਬਰ ਨੂੰ ਵਾਪਸ ਆਉਣ 'ਤੇ ਉਸ ਦੀ ਪਤਨੀ ਇਹ ਕਹਿ ਕੇ ਘਰੋਂ ਨਿਕਲੀ ਸੀ ਕਿ ਉਹ ਕੱਪੜੇ ਸਿਲਾਈ ਕਰਵਾਉਣ ਜਾ ਰਹੀ ਹੈ ਪਰ ਵਾਪਸ ਨਹੀਂ ਆਈ। ਬਾਅਦ 'ਚ ਸਥਾਨਕ ਲੋਕਾਂ ਤੋਂ ਪਤਾ ਲੱਗਾ ਕਿ ਰਿਜਵਾਨ ਨਾਂ ਦਾ ਨੌਜਵਾਨ ਘਰ 'ਚ ਆਉਂਦਾ ਰਹਿੰਦਾ ਸੀ, ਜਿਸ ਨੂੰ ਅਲਕਾ ਨੇ ਪੰਕਜ ਕਹਿ ਕੇ ਹਨੇਰੇ 'ਚ ਰੱਖਿਆ। ਚਾਰ ਦਿਨਾਂ ਬਾਅਦ ਪਤਨੀ ਨਾਲ ਫੋਨ 'ਤੇ ਗੱਲ ਕੀਤੀ ਪਰ ਬੱਚਿਆਂ ਬਾਰੇ ਗੱਲ ਕਰਨ 'ਤੇ ਵੀ ਉਹ ਵਾਪਸ ਆਉਣ ਲਈ ਰਾਜੀ ਨਹੀਂ ਹੋਈ। ਬਾਅਦ 'ਚ ਉਸ ਦੇ ਨੰਬਰ ਦਾ ਖੁਲਾਸਾ ਉਸ ਦੇ ਬੇਟੇ ਦੇ ਸੈੱਲਫੋਨ ਤੋਂ ਰਿਜਵਾਨ ਨੂੰ ਕੀਤੀ ਪੇਮੈਂਟ ਰਾਹੀਂ ਹੋਇਆ। ਹਾਲਾਂਕਿ ਅਲਕਾ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ ਹੈ ਪਰ ਰਿਜਵਾਨ ਨੇ ਉਸ ਨੂੰ ਅਤੇ ਪੁਲਸ ਨੂੰ ਦੱਸਿਆ ਹੈ ਕਿ ਦੋਵਾਂ ਨੇ ਕੋਰਟ ਮੈਰਿਜ ਕਰਵਾ ਲਈ ਹੈ। ਦਲੀਪ ਦਾ ਦੋਸ਼ ਹੈ ਕਿ ਰਿਜਵਾਨ ਨੇ ਕਿਸੇ ਮੁਸਲਿਮ ਇਲਮ ਦੀ ਮਦਦ ਲੈ ਕੇ ਉਸਦੀ ਪਤਨੀ ਨੂੰ ਵੱਸ ਵਿਚ ਕੀਤਾ ਹੈ। ਉਸ ਨੇ ਇਸ ਨੂੰ ਲਵ ਜੇਹਾਦ ਨਾਲ ਜੁੜਿਆ ਮਾਮਲਾ ਦੱਸਿਆ। ਉਹ ਵਾਰ-ਵਾਰ ਮੁਬਾਰਕਪੁਰ ਪੁਲਸ ਕੋਲ ਉਸ ਦੀ ਪਤਨੀ ਨੂੰ ਉਸਦੇ ਬੱਚਿਆਂ ਕੋਲ ਵਾਪਸ ਲਿਆਉਣ ਲਈ ਤਰਲੇ ਕਰ ਰਿਹਾ ਹੈ। ਜਾਂਚ ਅਧਿਕਾਰੀ ਏ. ਐੱਸ. ਆਈ. ਅਮਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅਲਕਾ ਅਤੇ ਰਿਜਵਾਨ ਨਾਲ ਗੱਲ ਹੋਈ ਸੀ। ਉਸ ਨੇ ਆਪਣੇ ਆਪ ਨੂੰ ਲੁਧਿਆਣਾ ਵਿਚ ਦੱਸਿਆ ਹੈ। ਦੋਵਾਂ ਨੂੰ ਸ਼ਨੀਵਾਰ ਜਾਂਚ 'ਚ ਸ਼ਾਮਲ ਹੋਣ ਲਈ ਪੁਲਸ ਚੌਕੀ ਬੁਲਾਇਆ ਗਿਆ ਹੈ। ਉਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

ਬੀੜੀ ਪੀਣ ਦੀ ਆਦਤ ਬਣੀ ਮੌਤ ਦੀ ਵਜ੍ਹਾ, ਜਿਉਂਦਾ ਸੜ ਗਿਆ ਅਧਰੰਗ ਪੀੜਤ ਬਜੁਰਗ

ਫਤਿਹਗੜ੍ਹ ਸਾਹਿਬ 20 ਫਰਵਰੀ। ਫਤਹਿਗੜ੍ਹ ਸਾਹਿਬ ਵਿਖੇ ਮੰਡੋਫਲ ਰੋਡ 'ਤੇ ਇੱਕ ਝੁੱਗੀ ਨੂੰ ਅੱਗ ਲੱਗ ਜਾਣ ਕਾਰਨ ਇੱਕ 62 ਸਾਲਾ ਬਜੁਰਗ ਵਿਅਕਤੀ ਦੀ ਦਰਦਨਾਕ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਹਿਚਾਣ ਛੋਟੇ ਲਾਲ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਇਹ ਵਿਅਕਤੀ ਟ੍ਰਾਲੀ ਬੈਗ ਵਿਚੋਂ ਸ਼ਰਾਬ ਦੀਆਂ 178 ਬੋਤਲਾਂ ਬਰਾਮਦ ਹੋਈਆਂ। ਇੰਡਸਟ੍ਰੀਅਲ ਏਰੀਆ ਥਾਣਾ ਪੁਲਸ ਨੇ ਸ਼ਰਾਬ ਜਬਤ ਕਰ ਕੇ ਉਕਤ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਦੜਵਾ ਚੌਕੀ ਇੰਚਾਰਜਅਧਰੰਗ ਤੋਂ ਪੀੜਤ ਹੈ ਤੇ ਬੀੜੀ ਪੀਣ ਦਾ ਆਦੀ ਹੈ। ਇਹ

ਹਾਦਸਾ ਵੀ ਉਸ ਦੀ ਇਸੇ ਆਦਤ ਕਾਰਨ ਹੋਇਆ ਹੈ। ਇਹ ਵਿਅਕਤੀ ਬੀੜੀ ਪੀ ਰਿਹਾ ਸੀ ਤੇ ਇਸੇ ਬੀੜੀ ਕਾਰਨ ਉਸ ਦੀ ਝੁੱਗੀ ਨੂੰ ਅੱਗ ਲੱਗ ਗਈ। ਅਧਰੰਗ ਹੋਣ ਕਾਰਨ ਉਹ ਝੁੱਗੀ 'ਚੋਂ ਬਾਹਰ ਨਾ ਆ ਸਕਿਆ ਤੇ ਅੱਗ 'ਚ ਸੜ ਜਾਣ ਕਾਰਨ ਉਸ ਦੀ ਦਰਦਨਾਕ ਮੌਤ ਹੋ ਗਈ ਹੈ। ਥਾਣਾ ਫਤਿਹਗੜ੍ਹ ਸਾਹਿਬ ਦੇ ਸਹਾਇਕ ਥਾਣੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਕ੍ਰਿਸਨਾ ਨੇ ਦੱਸਿਆ ਕਿ ਉਸਦਾ ਪਤੀ ਛੋਟੇ ਲਾਲ (62) ਜੋ ਕਿ ਅਧਰੰਗ ਤੋਂ ਪੀੜਿਤ ਹੋਣ ਕਾਰਨ ਤੁਰ-ਫਿਰ ਨਹੀਂ ਸਕਦਾ ਸੀ। ਉਹ ਝੁੱਗੀ ਵਿੱਚ ਬੀੜੀ ਪੀਣ ਲੱਗਿਆ ਤਾਂ ਝੁੱਗੀ ਨੂੰ ਅੱਗ ਲੱਗ ਗਈ ਤੇ ਛੋਟੇ ਲਾਲ ਅੱਗ ਨਾਲ ਬੁਰੀ ਤਰ੍ਹਾਂ ਝੁਲਸ ਗਿਆ ਤੇ ਉਸ ਦੀ ਮੌਤ ਹੋ ਗਈ।

ਲੁਧਿਆਣਾ ਵਿਖੇ ਪੁਲਸ ਐਨਕਾਊਂਟਰ 'ਚ ਮਾਰਿਆ ਗਿਆ ਸੁਖਦੇਵ ਇੰਝ ਛੋਟੇ ਚੋਰ ਤੋਂ ਬਣਿਆ ਸੀ ਗੈਂਗਸਟਰ

ਮਾਛੀਵਾੜਾ ਸਾਹਿਬ 20 ਫਰਵਰੀ। ਮਾਛੀਵਾੜਾ ਕੁਹਾੜਾ ਰੋਡ 'ਤੇ ਪਿੰਡ ਪੰਜੇਟਾ ਨੇੜੇ ਲੁਧਿਆਣਾ ਪੁਲਸ ਨਾਲ ਮੁਕਾਬਲੇ 'ਚ ਮਾਰਿਆ ਗਿਆ ਮਾਛੀਵਾੜਾ ਦਾ ਰਹਿਣ ਵਾਲਾ ਸੁਖਦੇਵ ਸਿੰਘ ਉਰਫ਼ ਵਿੱਕੀ ਨੇ 16 ਸਾਲ ਪਹਿਲਾਂ ਜ਼ੁਰਮ ਦੀ ਦੁਨੀਆ ਵਿਚ

ਫਾਇਰ ਬ੍ਰਿਗੇਡ 'ਚ ਭਰਤੀ ਕਰਾਉਣ ਦਾ ਝਾਂਸਾ ਦੇ ਕੇ ਮਾਰੀ 4 ਲੱਖ ਦੀ ਠੱਗੀ

ਫਿਰੋਜ਼ਪੁਰ 20 ਫਰਵਰੀ। ਤਲਵੰਡੀ ਭਾਈ ਦੇ ਅਧੀਨ ਆਉਂਦੇ ਪਿੰਡ ਪਤਲੀ ਵਿਖੇ ਇਕ ਨੌਜਵਾਨ ਨੂੰ ਫਾਇਰ ਬ੍ਰਿਗੇਡ ਮਹਿਕਮੇ 'ਚ ਭਰਤੀ ਕਰਾਉਣ ਦਾ ਝਾਂਸਾ ਦੇ ਕੇ 4 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਥਾਣਾ ਤਲਵੰਡੀ ਭਾਈ ਪੁਲਸ ਨੇ 4 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲੋਰ ਸਿੰਘ ਨੇ ਦੱਸਿਆ ਕਿ ਦਰਖਾਸਤ/ਯੂ. ਆਈ. ਡੀ. ਨਬੰਰ 483407 ਰਾਹੀਂ ਜਗਮੀਤ ਸਿੰਘ

ਪੁੱਤਰ ਕੁਲਵੰਤ ਸਿੰਘ ਵਾਸੀ ਪਿੰਡ ਪਤਲੀ ਨੇ ਦੱਸਿਆ ਕਿ ਮੁਲਜ਼ਮ ਸੁੱਖਾ ਸਿੰਘ ਉਰਫ ਸੁੱਖ ਗਿੱਲ, ਲਾਲੀ, ਮਹਿਤਾਬ ਸਿੰਘ ਪੁੱਤਰ ਗੁਰਪ੍ਰੀਤ ਸਿੰਘ, ਅਮਨਦੀਪ ਕੌਰ ਉਰਫ ਦੀਪ ਪਤਨੀ ਸੁੱਖਾ ਸਿੰਘ ਵਾਸੀ ਬੁੱਟ ਜ਼ਿਲਾ ਫਿਰੋਜ਼ਪੁਰ ਨੇ ਹਮਮਸ਼ਵਰਾ ਹੋ ਕੇ ਉਸ ਨੂੰ ਫਾਇਰ ਬ੍ਰਿਗੇਡ ਮਹਿਕਮੇ 'ਚ ਭਰਤੀ ਕਰਾਉਣ ਦਾ ਝਾਂਸਾ ਦੇ ਕੇ ਉਸ ਦੇ ਪੜ੍ਹਾਈ ਦੇ ਸਰਟੀਫਿਕੇਟ ਲੈ ਲਏ ਅਤੇ ਉਸ ਨਾਲ 4 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਵੱਲੋਂ ਉਕਤ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਸੜਕ ਹਾਦਸੇ ਨੇ ਉਜਾੜਿਆ ਘਰ, ਮਾਪਿਆਂ ਦੇ ਪੁੱਤ ਦੀ ਦਰਦਨਾਕ ਮੌਤ

ਫਤਿਹਗੜ੍ਹ ਸਾਹਿਬ 20 ਫਰਵਰੀ। ਸਰਹਿੰਦ ਵਿਖੇ ਇਕ ਸੜਕ ਹਾਦਸੇ ਵਿੱਚ ਇਕ ਨੌਜਵਾਨ ਦੀ ਮੌਤ ਹੋ ਜਾਣ ਅਤੇ ਇਕ ਨੌਜਵਾਨ ਦੇ ਜ਼ਖ਼ਮੀ ਹੋਣ ਖ਼ਬਰ ਸਾਹਮਣੇ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਫਤਿਹਗੜ੍ਹ ਸਾਹਿਬ ਦੇ ਸਬ ਇੰਸਪੈਕਟਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਮੁਹੰਮਦ ਸਮੀਲ ਸਮਸੀਰ ਅੰਸਾਰੀ ਪੁੱਤਰ ਮੁਹੰਮਦ ਸ਼ਾਹਬੀਰ ਆਲਮ ਵਾਸੀ ਕੁੰਦਨਪੁਰੀ ਲੁਧਿਆਣਾ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਸੀ ਕਿ ਉਹ ਸਿਲਾਈ ਕਢਾਈ ਦਾ ਕੰਮ ਕਰਦਾ ਹੈ। ਉਸ ਦਾ ਦੋਸਤ ਸਾਹਿਲ ਅਤੇ ਉਸ ਦਾ ਦੋਸਤ ਹਾਸਿਮ ਪੁੱਤਰ ਮੁਹੰਮਦ ਜਵਾਰ ਵਾਸੀ ਕੁੰਦਨਪੁਰਾ ਲੁਧਿਆਣਾ ਐਕਟਿਵਾ ਨੰਬਰ ਪੀ. ਬੀ. 10 ਜੇ-ਜੀ- 1586 'ਤੇ ਸਵਾਰ ਹੋ ਕੇ ਲੁਧਿਆਣਾ ਤੋਂ ਰੋਜਾ ਸ਼ਰੀਫ ਫਤਿਹਗੜ੍ਹ ਸਾਹਿਬ ਵਿਖੇ ਨਮਾਜ਼ ਪੜ੍ਹਨ ਲਈ ਆਏ ਸੀ। ਉਹ ਵੀ ਆਪਣੀ ਐਕਟਿਵਾ ਪੀ. ਬੀ. 10 ਜੇ-ਐੱਲ -5074 ਤੇ ਨਮਾਜ਼ ਕਰਨ ਲਈ ਰੋਜਾ ਸ਼ਰੀਫ ਵਿਖੇ ਆਇਆ ਸੀ, ਜਦੋਂ ਉਹ ਨਮਾਜ ਪੜ੍ਹ ਕੇ ਵਾਪਸ ਲੁਧਿਆਣੇ ਨੂੰ ਜਾ ਰਹੇ ਸੀ ਤਾਂ ਸਾਹਿਲ ਅਤੇ ਉਸ ਦਾ ਦੋਸਤ ਹਾਸਿਮ ਦੋਵੇਂ ਆਪਣੀ ਸਕੂਟਰੀ 'ਤੇ ਉਸ ਦੇ ਅੱਗੇ-ਅੱਗੇ ਜਾ

ਰਹੇ ਸਨ ਕਿ ਆਮ ਖਾਸ ਬਾਗ ਨੇੜੇ ਸੜਕ ਦੇ ਵਿਚਕਾਰ ਇਕ ਟਰੱਕ, ਜਿਸ ਦੇ ਪਾਰਕਿੰਗ ਲਾਈਟਾਂ ਨਹੀਂ ਸਨ ਅਤੇ ਰਿਫਲੈਕਟਰ ਵੀ ਨਹੀਂ ਲੱਗਿਆ ਹੋਇਆ ਸੀ, ਖੜ੍ਹਾ ਸੀ। ਉਸ ਟਰੱਕ ਦੇ ਪਿਛਲੇ ਪਾਸੇ ਟਰੱਕ ਦਾ ਤੇਲ ਡੁਲਿਆ ਹੋਇਆ ਸੀ, ਜਦੋਂ ਸਾਹਿਲ ਦੀ ਐਕਟਿਵਾ ਉਕਤ ਤੇਲ ਦੇ ਉੱਪਰੋਂ ਲੰਘੀ ਤਾਂ ਉਸ ਦਾ ਬੈਲੰਸ ਵਿਗੜ ਗਿਆ ਅਤੇ ਸਾਹਿਲ ਉਸ ਉੱਪਰ ਕਾਬੂ ਨਾ ਪਾ ਸਕਿਆ ਅਤੇ ਉਸ ਦੀ ਐਕਟਿਵਾ ਟਰੱਕ ਦੇ ਪਿਛਲੇ ਪਾਸੇ ਟਕਰਾ ਗਈ, ਜਿਸ ਨਾਲ ਸਾਹਿਲ ਅਤੇ ਹਾਸਿਮ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਉਸ ਨੇ ਦੋਹਾਂ ਨੂੰ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਦਾਖ਼ਲ ਕਰਵਾਇਆ, ਜਿੱਥੋਂ ਡਾਕਟਰਾਂ ਨੇ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਸੈਕਟਰ 32 ਚੰਡੀਗੜ੍ਹ ਰੈਫਰ ਕਰ ਦਿੱਤਾ। ਇਥੇ ਇਲਾਜ ਦੌਰਾਨ ਸਾਹਿਲ ਦੀ ਮੌਤ ਹੋ ਗਈ ਅਤੇ ਹਾਸਿਮ ਹਾਲੇ ਵੀ ਇਲਾਜ ਅਧੀਨ ਹਸਪਤਾਲ ਵਿੱਚ ਦਾਖ਼ਲ ਹੈ। ਸਾਹਿਲ ਦੀ ਲਾਸ਼ ਦਾ ਹਸਪਤਾਲ ਵਿੱਚੋਂ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਹੈ। ਥਾਣਾ ਫਤਿਹਗੜ੍ਹ ਸਾਹਿਬ ਪੁਲਸ ਨੇ ਟਰੱਕ ਚਾਲਕ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਵਹਾਈਟ ਹਾਊਸ ਨੇ ਦਿਖਾਇਆ ਕਿਵੇਂ ਭੇਜੇ ਗਏ ਗ਼ੈਰ-ਕਾਨੂੰਨੀ ਪ੍ਰਵਾਸੀ

ਇੰਟਰਨੈਸ਼ਨਲ ਡੈਸਕ 20 ਫਰਵਰੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹੁਕਮਾਂ ਤੋਂ ਬਾਅਦ ਅਮਰੀਕਾ 'ਚ ਪ੍ਰਵਾਸੀਆਂ ਖਿਲਾਫ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ। ਪ੍ਰਵਾਸੀਆਂ ਨੂੰ ਵਾਪਸ ਭੇਜਣ ਦੇ ਅਮਰੀਕਾ ਦੇ ਤਰੀਕੇ ਦਾ ਦੁਨੀਆ ਭਰ ਵਿੱਚ ਵਿਰੋਧ ਹੋ ਰਿਹਾ ਹੈ। ਹੁਣ ਤੱਕ ਭਾਰਤ ਤੋਂ 332 ਪ੍ਰਵਾਸੀਆਂ ਨੂੰ ਤਿੰਨ ਅਮਰੀਕੀ ਫੌਜੀ ਜਹਾਜ਼ਾਂ ਰਾਹੀਂ ਭਾਰਤ ਭੇਜਿਆ ਜਾ ਚੁੱਕਾ ਹੈ, ਜਿਸ ਦੌਰਾਨ ਉਨ੍ਹਾਂ ਨੂੰ ਅਪਰਾਧੀਆਂ ਵਾਂਗ ਜੰਜ਼ੀਰਾਂ ਨਾਲ ਬੰਨ੍ਹ ਕੇ ਭਾਰਤ ਲਿਆਂਦਾ ਗਿਆ ਹੈ। ਵ?ਹਾਈਟ ਹਾਊਸ ਨੇ ਮੰਗਲਵਾਰ ਨੂੰ ÷ਏਐਸਐਮਆਰ: ਗੈਰ ਕਾਨੂੰਨੀ ਏਲੀਅਨ ਡਿਪੋਰਟੇਸ਼ਨ ਫਲਾਈਟ÷ ਕੈਪਸ਼ਨ ਦੇ ਨਾਲ ਇੱਕ ਵੀਡੀਓ ਸਾਂਝਾ ਕੀਤਾ, ਜਿਸ ਵਿੱਚ ਬੇੜੀਆਂ ਨਾਲ ਬੰਨ੍ਹੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਲਈ ਇੱਕ ਜਹਾਜ਼ ਵਿੱਚ ਸਵਾਰ ਹੁੰਦੇ ਦਿਖਾਇਆ ਗਿਆ। ਇਕ ਖ਼ਬਰ ਏਜੰਸੀ ਮੁਤਾਬਕ ਇਹ ਫਲਾਈਟ ਸਿਆਟਲ ਤੋਂ ਰਵਾਨਾ ਹੋਈ ਸੀ। ਇਸ ਵੀਡੀਓ 'ਚ ਅਮਰੀਕੀ ਅਧਿਕਾਰੀ ਅੱਤਵਾਦੀ ਜਾਂ ਅਪਰਾਧੀ ਵਾਂਗ ਪ੍ਰਵਾਸੀਆਂ ਦੇ ਹੱਥ ਬੰਨ੍ਹਦੇ ਹੋਏ ਦਿਖਾਈ ਦੇ ਰਹੇ ਹਨ। ਟਵਿੱਟਰ 'ਤੇ ਸ਼ੇਅਰ ਕੀਤੀ ਗਈ ਫੁਟੇਜ ਵਿਚ ਦਿਖਾਇਆ ਗਿਆ ਹੈ ਕਿ ਅਧਿਕਾਰੀ ਪ੍ਰਵਾਸੀਆਂ ਨੂੰ ਲਾਈਨ ਵਿਚ ਖੜ੍ਹੇ ਕਰਦੇ ਹਨ ਅਤੇ ਉਨ੍ਹਾਂ ਨੂੰ ਬੰਨ੍ਹਦੇ ਹਨ। ਵੀਡੀਓ ਦੌਰਾਨ, ਲੋਕਾਂ ਨੂੰ ਜੰਜ਼ੀਰਾਂ ਨਾਲ ਬੰਨ੍ਹੇ ਹੋਏ, ਕੈਦੀ ਜੰਜ਼ੀਰਾਂ ਨਾਲ ਘੁੰਮਦੇ ਹੋਏ ਅਤੇ ਜਹਾਜ਼ ਵਿੱਚ ਸਵਾਰ ਲੋਕਾਂ ਦੀਆਂ ਕਈ ਵੱਖੋ ਵੱਖਰੀਆਂ ਕਲਿੱਪਾਂ ਹਨ। ਇਸ ਵੀਡੀਓ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਐਕਸ ਦੇ ਮਾਲਕ ਲੋਨ ਮਸਕ ਨੇ 'ਹਾਹਾ ਵਾਹ' ਲਿਖਿਆ। ਐਲਨ ਮਸਕ ਚੋਣਾਂ ਤੋਂ ਬਾਅਦ ਤੋਂ ਹੀ ਡੋਨਾਲਡ ਟਰੰਪ ਦੇ ਕੱਟੜ ਸਮਰਥਕ ਰਹੇ ਹਨ ਅਤੇ ਪ੍ਰਵਾਸੀਆਂ ਦੀ ਵਾਪਸੀ ਦਾ ਵੀ ਜ਼ੋਰਦਾਰ ਸਮਰਥਨ ਕਰ ਰਹੇ ਹਨ।

ਸ਼ਹਿਰ 'ਚ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਨਗਰ ਨਿਗਮ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਬੱਸ ਦੀ ਕਰਵਾਈ ਸਵਾਰੀ

ਲੁਧਿਆਣਾ 20 ਫਰਵਰੀ। ਸ਼ਹਿਰ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਇੱਕ ਵਿਲੱਖਣ ਪਹਿਲਕਦਮੀ ਕਰਦੇ ਹੋਏ, ਨਗਰ ਨਿਗਮ ਦੇ ਕਮਿਸ਼ਨਰ ਆਦਿਤਿਆ ਡੇਚਲਵਾਲ ਨੇ ਬੁੱਧਵਾਰ ਨੂੰ ਜ਼ਮੀਨੀ ਪੱਧਰ 'ਤੇ ਸਥਿਤੀ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਲਈ ਇੱਕ ਬੱਸ ਯਾਤਰਾ ਦਾ ਪ੍ਰਬੰਧ ਕੀਤਾ। ਟ?ਰੈਫਿਕ ਸਲਾਹਕਾਰ ਪੰਜਾਬ, ਨਵਦੀਪ ਅਸੀਜਾ ਅਤੇ ਮੈਂਬਰ, ਪੰਜਾਬ ਰੋਡ ਸੇਫਟੀ ਕੌਂਸਲ ਰਾਹੁਲ ਵਰਮਾ ਵੀ ਅਧਿਕਾਰੀਆਂ ਦੇ ਨਾਲ ਸਨ ਅਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਚੌਕਾਂ ਦੇ ਸੁਧਾਰ ਅਤੇ ਭੀੜ-ਭੜੱਕੇ ਨੂੰ ਘਟਾਉਣ ਲਈ ਸਿਫਾਰਸ਼ਾਂ ਕੀਤੀਆਂ। ਅਧਿਕਾਰੀ ਲਗਭਗ ਢਾਈ ਘੰਟੇ ਫੀਲਡ ਵਿੱਚ ਰਹੇ। ਇਸ ਮੌਕੇ ਨਗਰ ਨਿਗਮ ਦੇ ਵਧੀਕ ਕਮਿਸ਼ਨਰ ਪਰਮਦੀਪ ਸਿੰਘ, ਸੰਯੁਕਤ ਕਮਿਸ਼ਨਰ ਅਭਿਸ਼ੇਕ ਸ਼ਰਮਾ, ਏ.ਸੀ.ਪੀ ਟ?ਰੈਫਿਕ ਜਤਿਨ ਬਾਂਸਲ, ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਗੁਰਪਾਲ ਸਿੰਘ, ਨਿਗਰਾਨ ਇੰਜੀਨੀਅਰ ਰਣਜੀਤ ਸਿੰਘ, ਨਿਗਰਾਨ ਇੰਜੀਨੀਅਰ ਸ਼ਾਮ ਲਾਲ ਗੁਪਤਾ, ਨਿਗਰਾਨ ਇੰਜੀਨੀਅਰ ਸੰਜੇ ਕੰਵਰ, ਨਿਗਰਾਨ ਇੰਜੀਨੀਅਰ ਪਰਵੀਨ ਸਿੰਗਲਾ, ਐਮ.ਟੀ.ਪੀ ਵਿਜੇ ਕੁਮਾਰ, ਏ.ਟੀ.ਪੀਜ਼, ਤਹਿਬਾਜ਼ਾਰੀ ਦੇ ਅਧਿਕਾਰੀ ਅਤੇ ਹੋਰ ਹਾਜ਼ਰ ਸਨ। ਨਗਰ ਨਿਗਮ ਜ਼ੋਨ ਡੀ ਦਫ਼ਤਰ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਤੋਂ ਬਾਅਦ, ਨਗਰ ਨਿਗਮ ਕਮਿਸ਼ਨਰ ਡੇਚਲਵਾਲ ਅਤੇ ਹੋਰ ਅਧਿਕਾਰੀਆਂ ਨੇ

ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬੱਸ ਰਾਹੀਂ ਲਗਭਗ 18 ਥਾਵਾਂ ਦਾ ਮੁਆਇਨਾ ਕੀਤਾ। ਇਨ੍ਹਾਂ ਥਾਵਾਂ ਵਿੱਚ ਜਗਰਾਉਂ ਪੁਲ, ਕਪੂਰ ਹਸਪਤਾਲ ਅਤੇ ਦੁਰਗਾ ਮਾਤਾ ਮੰਦਰ ਦੇ ਨੇੜੇ ਚੌਕ, ਮਾਤਾ ਰਾਣੀ ਚੌਕ, ਪੁਰਾਣੀ ਸਬਜ਼ੀ ਮੰਡੀ, ਪ੍ਰਤਾਪ ਚੌਕ, ਹੰਬੜਾਂ ਰੋਡ, ਆਰੀਆ ਕਾਲਜ ਦੇ ਨੇੜੇ, ਲੱਕੜ ਪੁਲ, ਦੀਪ ਹਸਪਤਾਲ ਰੋਡ ਅਤੇ ਹੋਰ ਇਲਾਕੇ ਸ਼ਾਮਲ ਸਨ। ਇਹਨਾਂ ਸਿਫ਼ਾਰਸ਼ਾਂ ਵਿੱਚ ਪੀ.ਐਸ.ਪੀ.ਸੀ.ਐਲ ਸਬ-ਸਟੇਸ਼ਨ ਦੇ ਬਾਹਰ ਸਰਕਾਰੀ ਜ਼ਮੀਨ ਨੂੰ ਸ਼ਾਮਲ ਕਰਕੇ ਕਪੂਰ ਹਸਪਤਾਲ ਦੇ ਨੇੜੇ ਸੜਕ ਦੀ ਚੌੜਾਈ ਵਧਾਉਣਾ, ਜਗਰਾਉਂ ਪੁਲ 'ਤੇ ਚੌਕ ਨੂੰ ਮੁੜ ਡਿਜ਼ਾਈਨ ਕਰਨਾ, ਵਿਸ਼ਵਕਰਮਾ ਚੌਕ ਵੱਲ ਜਾਣ ਵਾਲੀ ਜਗਰਾਉਂ ਪੁਲ ਸੜਕ ਨੂੰ ਚੌੜਾ ਕਰਨਾ, ਦੁਰਗਾ ਮਾਤਾ ਮੰਦਰ ਚੌਕ ਅਤੇ ਦੀਪ ਹਸਪਤਾਲ ਦੇ ਨੇੜੇ ਚੌਕ ਦੀ ਚੌੜਾਈ ਵਧਾਉਣਾ, ਪੁਰਾਣੀ ਜੀ.ਟੀ ਰੋਡ 'ਤੇ ਗੁਲਜ਼ਾਰ ਮੋਟਰ ਨੇੜੇ ਸਲਿੱਪ ਰੋਡ ਦਾ ਨਿਰਮਾਣ, ਪੁਰਾਣੀ ਜੀ.ਟੀ ਰੋਡ ਤੋਂ ਕਬਜ਼ੇ ਹਟਾਉਣਾ, ਪੁਰਾਣੀ ਸਬਜ਼ੀ ਮੰਡੀ ਦੇ ਨੇੜੇ ਸਲਿੱਪ ਰੋਡ ਦਾ ਨਿਰਮਾਣ ਆਦਿ ਸ਼ਾਮਲ ਸਨ। ਨਗਰ ਨਿਗਮ ਕਮਿਸ਼ਨਰ ਡੇਚਲਵਾਲ ਨੇ ਕਿਹਾ ਕਿ ਇਸ ਦੌਰੇ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਸਥਿਤੀ ਦੀ ਜਾਂਚ ਕਰਨਾ ਸੀ। ਟ?ਰੈਫਿਕ ਪੁਲਿਸ ਅਧਿਕਾਰੀਆਂ ਅਤੇ ਨਗਰ ਨਿਗਮ ਦੀ ਬੀ.ਐਂਡ.ਆਰ ਸ਼ਾਖਾ, ਬਿਲਡਿੰਗ ਸ਼ਾਖਾ, ਤਹਿਬਾਜ਼ਾਰੀ ਆਦਿ ਸਮੇਤ ਵੱਖ-ਵੱਖ ਸ਼ਾਖਾਵਾਂ ਦੇ ਅਧਿਕਾਰੀਆਂ ਨੂੰ ਨਾਲ ਲਿਆ ਗਿਆ ਤਾਂ ਜੋ ਮੌਕੇ ਤੇ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਸਕੇ। ਟ?ਰੈਫਿਕ ਮਾਹਿਰਾਂ ਨੇ ਆਪਣੀਆਂ ਸਿਫ਼ਾਰਸ਼ਾਂ ਪੇਸ਼ ਕਰ ਦਿੱਤੀਆਂ ਹਨ ਅਤੇ ਉਹ ਆਉਣ ਵਾਲੇ ਸਮੇਂ ਵਿੱਚ ਜੰਕਸ਼ਨ/ਚੌਕ ਸੁਧਾਰਾਂ ਆਦਿ ਲਈ ਡਿਜ਼ਾਈਨ ਵੀ ਪੇਸ਼ ਕਰਨਗੇ। ਨਗਰ ਨਿਗਮ ਸ਼ਹਿਰ ਵਿੱਚ ਭੀੜ-ਭੜੱਕੇ ਨੂੰ ਘਟਾਉਣ ਅਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਸਮਾਨਾਂਤਰ ਕੰਮ ਕਰੇਗਾ।

ਪੰਜਾਬ 'ਚ ਇਕੋ ਪਰਿਵਾਰ ਦੀਆਂ ਤਿੰਨ ਔਰਤਾਂ ਨਾਲ ਹੋਇਆ ਵੱਡਾ ਕਾਂਡ, ਮਾਮਲਾ ਜਾਣ ਕੇ ਰਹਿ ਜਾਓਗੇ ਹੈਰਾਨ

ਲੁਧਿਆਣਾ 20 ਫਰਵਰੀ। ਵਿਧਾਨ ਸਭਾ ਹਲਕਾ ਦੱਖਣੀ ਦੇ ਗਿਆਸਪੁਰਾ ਇਲਾਕੇ ਵਿਚ ਪੈਂਦੇ ਮਹਾਦੇਵ ਨਗਰ ਦੀ ਗਲੀ ਨੰ.1 ਵਿਚ ਰਹਿਣ ਵਾਲੇ ਇਕ ਪ੍ਰਵਾਸੀ ਪਰਿਵਾਰ ਨੂੰ ਨੌਸਰਬਾਜ਼ ਮਹਿਲਾ ਵੱਲੋਂ ਪਰਿਵਾਰ ਦਾ ਰਾਸ਼ਨ ਕਾਰਡ ਬਣਾਉਣ ਦਾ ਝਾਂਸਾ ਦੇ ਕੇ ਉਨ੍ਹਾਂ ਦੇ ਸੋਨੇ ਦੇ ਗਹਿਣੇ ਉਡਾ ਕੇ ਰਫੂ ਚੱਕਰ ਹੋਣ ਦਾ ਸੰਗੀਨ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਵਿਆਹੁਤਾ ਨੇਹਾ ਕੁਮਾਰੀ ਨੇ ਦੱਸਿਆ ਕਿ ਉਹ ਆਪਣੀ ਵਿਆਹੀ ਹੋਈ ਭੈਣ ਦੇ ਨਾਲ ਆਪਣੇ ਪੇਕੇ ਘਰ ਵਿਚ ਰਹਿਣ ਲਈ ਆਈ ਹੋਈ ਸੀ। ਇਸ ਦੌਰਾਨ ਜਦੋਂ ਉਨ੍ਹਾਂ ਦੀ ਮਾਂ ਬਾਜ਼ਾਰ ਵਿਚ ਕਿਸੇ ਕੰਮ ਕਾਰਨ ਗਈ ਤਾਂ ਰਸਤੇ ਵਿਚ ਇਕ ਅਣਪਛਾਤੇ ਨੌਸਰਬਾਜ਼ ਔਰਤ ਮਿਲੀ ਜਿਸ ਨੇ ਉਨ੍ਹਾਂ ਦੀ ਮਾਂ ਨੂੰ ਰਾਸ਼ਨ ਕਾਰਡ ਬਣਵਾਉਣ ਅਤੇ ਮੁਫਤ ਰਾਸ਼ਨ ਦਿਵਾਉਣ ਦਾ ਝਾਂਸਾ ਦਿੰਦੇ ਨਾਲ ਚੱਲਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਦੀ ਮਾਂ ਨੌਸਰਬਾਜ਼ ਔਰਤ ਦੀਆਂ ਗੱਲਾਂ ਦੇ ਜਾਲ ਵਿਚ ਫਸ ਗਈ ਅਤੇ ਘਰ ਜਾ ਕੇ ਦੋਵੇਂ ਭੈਣਾਂ ਨੂੰ ਵੀ ਰਾਸ਼ਨ ਕਾਰਡ ਬਣਵਾਉਣ ਲਈ ਨਾਲ ਲੈ ਗਈ। ਨੇਹਾ ਕੁਮਾਰੀ ਦੇ ਮੁਤਾਬਕ ਉਨ੍ਹਾਂ ਨੇ ਮਹਿਲਾ ਨੂੰ ਇਹ ਕਹਿੰਦੇ ਹੋਏ ਨਾਲ ਚੱਲਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਉਨ੍ਹਾਂ ਨੂੰ ਨਹੀਂ ਜਾਣਦੀ, ਜਦੋਂਕਿ ਨੌਸਰਬਾਜ਼ ਔਰਤ ਨੇ ਇਕ ਵਾਰ ਫਿਰ ਸ਼ਿਵ ਪਰਿਵਾਰ ਨੂੰ ਗੁੰਮਰਾਹ ਕਰਦੇ ਹੋਏ ਦੱਸਿਆ ਕਿ ਉਹ ਨੇੜੇ ਦੇ ਇਲਾਕੇ ਵਿਚ ਰਹਿੰਦੀ ਹੈ ਅਤੇ ਸਮਾਜ ਸੇਵਾ ਵਜੋਂ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੇ ਰਾਸ਼ਨ ਕਾਰਡ ਬਣਵਾਉਣ ਦਾ ਕੰਮ ਕਰ ਰਹੀ ਹੈ ਤਾਂ ਕਿ ਗਰੀਬ ਪਰਿਵਾਰਾਂ ਨੂੰ ਮੁਫਤ ਰਾਸ਼ਨ ਮਿਲ ਸਕੇ। ਇਸ ਦੌਰਾਨ ਨੌਸਰਬਾਜ਼ ਔਰਤ ਨੇ ਬੜੀ ਚਲਾਕੀ ਨਾਲ ਦੋਵੇਂ ਭੈਣਾਂ ਅਤੇ ਮਾਂ ਨੂੰ ਪਹਿਨੇ ਹੋਏ ਸੋਨੇ ਦੇ ਗਹਿਣੇ ਉਤਾਰ ਕੇ ਘਰ ਵਿਚ ਰੱਖਣ ਲਈ ਕਿਹਾ ਤਾਂਕਿ ਪਰਿਵਾਰ ਦੇ ਰਾਸ਼ਨ ਕਾਰਡ ਬਣਾਉਣ ਦੌਰਾਨ ਕੋਈ ਰੁਕਾਵਟ ਨਾ ਆਵੇ। ਨੌਸਰਬਾਜ਼ ਔਰਤ ਉਨ੍ਹਾਂ ਨੂੰ ਇਕ ਖਾਲੀ ਪਲਾਟ ਵਿਚ ਲੈ ਗਈ ਜਿਥੇ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਇੰਤਜ਼ਾਰ ਕਰਨ ਲਈ ਕਿਹਾ ਗਿਆ ਕਿ ਉਹ ਇਲਾਕੇ ਦੀਆਂ ਹੋਰ ਔਰਤਾਂ ਨੂੰ ਵੀ ਬੁਲਾ ਕੇ ਲਿਆਉਂਦੀ ਹੈ ਤਾਂਕਿ ਸਾਰਿਆਂ ਦੇ ਰਾਸ਼ਨ ਕਾਰਡ ਇਕੱਠੇ ਹੀ ਬਣਵਾਏ ਜਾ ਸਕਣ। ਨੇਹਾ ਕੁਮਾਰੀ ਨੇ ਦੱਸਿਆ ਕਿ ਉਕਤ ਨੌਸਰਬਾਜ਼ ਔਰਤ ਉਨ੍ਹਾਂ ਨੂੰ ਖਾਲੀ ਪਲਾਟ ਵਿਚ ਬਿਠਾ ਕੇ ਵਾਪਸ ਉਨ੍ਹਾਂ ਦੇ ਘਰ ਆਈ ਅਤੇ ਘਰ ਵਿਚ ਖੇਡ ਰਹੇ ਉਸ ਦੇ ਬੱਚਿਆਂ ਨੂੰ ਗੱਲਾਂ ਵਿਚ ਲਗਾ ਕੇ ਘਰ ਵਿਚ ਰੱਖੇ ਹੋਏ ਕੰਨ ਦੇ ਕਾਂਟੇ, ਮੰਗਲਸੂਤਰ, ਸੋਨੇ ਦੇ ਗਹਿਣੇ ਉਡਾ ਕੇ ਰਫੂ ਚੱਕਰ ਹੋ ਗਈ। ਮਾਮਲੇ ਨੂੰ ਲੈ ਕੇ ਇਲਾਕੇ ਦੇ ਸਮਾਜਸੇਵੀ ਸੰਦੀਪ ਸ਼ੁਕਲਾ ਨੇ ਦੱਸਿਆ ਕਿ ਉਨ੍ਹਾਂ ਦੇ ਇਲਾਕੇ ਵਿਚ ਪਿਛਲੇ ਲੰਬੇ ਸਮੇਂ ਤੋਂ ਠੱਗ ਔਰਤਾਂ ਦਾ ਗਿਰੋਹ ਸਰਗਰਮ ਹੈ ਜੋ ਕਿ ਵੱਖ ਵੱਖ ਪਰਿਵਾਰਾਂ ਦੀਆਂ ਔਰਤਾਂ ਨੂੰ ਆਪਣੀ ਠੱਗੀ ਦਾ ਸ਼

ਜੰਜੂਆ ਵੱਲੋਂ 'ਪੰਜਾਬ ਪਾਰਦਰਸ਼ਤਾ ਤੇ ਜਵਾਬਦੇਹੀ ਐਕਟ' ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼

ਜਲੰਧਰ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਪਾਰਦਰਸ਼ਤਾ ਅਤੇ ਜਵਾਬਦੇਹੀ ਕਮਿਸ਼ਨ ਦੇ ਮੁੱਖ ਕਮਿਸ਼ਨਰ ਵਿਜੇ ਕੁਮਾਰ ਜੰਜੂਆ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ 'ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ, 2018' ਨੂੰ ਪੂਰੀ ਤਰ੍ਹਾਂ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ਼੍ਰੀ ਜੰਜੂਆ ਨੇ ਕਿਹਾ ਕਿ ਇਹ ਐਕਟ ਸਰਕਾਰੀ ਸੇਵਾਵਾਂ ਸਮੇਂ-ਸਿਰ ਅਤੇ ਨਿਰਵਿਘਨ ਢੰਗ ਨਾਲ ਪ੍ਰਦਾਨ ਕਰਨ ਦੀ ਗਾਰੰਟੀ ਦੇਣ ਲਈ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਿਰਧਾਰਿਤ ਸਮੇਂ ਤੋਂ ਵੱਧ ਕਿਸੇ ਵੀ ਦੇਰੀ ਲਈ ਪ੍ਰਤੀ ਮਾਮਲੇ ਵਿੱਚ 10 ਹਜ਼ਾਰ ਰੁਪਏ ਤੱਕ ਜੁਰਮਾਨਾ ਲਗਾਇਆ ਜਾਵੇਗਾ। ਐਕਟ ਵਿੱਚ ਵੱਖ-ਵੱਖ ਸੇਵਾਵਾਂ ਲਈ ਸਪਸ਼ਟ ਸਮਾਂ ਸੀਮਾ ਦਰਸਾਈ ਗਈ ਹੈ, ਜਿਸ ਸਦਕਾ ਨਾਗਰਿਕ ਬੇਲੋੜੀ ਦੇਰੀ ਦੇ ਮਾਮਲੇ ਵਿੱਚ ਅਪੀਲ ਕਰ ਸਕਦੇ ਹਨ।

ਉਨ੍ਹਾਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਵਿੱਚ ਕਮਿਸ਼ਨ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾਗਰਿਕ ਸੇਵਾਵਾਂ ਨੂੰ ਕੁਸ਼ਲ ਅਤੇ ਪਾਰਦਰਸ਼ੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਵਿੱਚ ਕਿਸੇ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਐਕਟ ਦਾ ਉਦੇਸ਼ ਰਾਜ ਭਰ ਵਿੱਚ ਪ੍ਰਸ਼ਾਸਨ ਦੀ ਕੁਸ਼ਲਤਾ ਨੂੰ ਵਧਾਉਣਾ ਅਤੇ ਸਰਕਾਰੀ ਸੇਵਾਵਾਂ ਵਿੱਚ ਜਵਾਬਦੇਹੀ ਨੂੰ ਯਕੀਨੀ ਬਣਾਉਣਾ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਮੁੱਖ ਕਮਿਸ਼ਨਰ ਨੂੰ ਜਲੰਧਰ ਪ੍ਰਸ਼ਾਸਨ ਵੱਲੋਂ ਸੇਵਾਵਾਂ ਨੂੰ ਸੁਚਾਰੂ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਐਕਟ ਦੀ ਪਾਲਣਾ ਲਈ ਵਚਨਬੱਧ ਹੈ। ਡਾ. ਅਗਰਵਾਲ ਨੇ ਇਹ ਵੀ ਦੱਸਿਆ ਕਿ ਜਲੰਧਰ ਵੱਲੋਂ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਪੰਜਾਬ ਵਿੱਚ ਸਭ ਤੋਂ ਮੋਹਰੀ ਸਥਾਨ ਹਾਸਲ ਕੀਤਾ ਗਿਆ ਹੈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ, ਸਹਾਇਕ ਕਮਿਸ਼ਨਰ (ਯੂ.ਟੀ.) ਸੁਨੀਲ ਫੋਗਟ, ਆਰ.ਟੀ.ਏ. ਬਲਬੀਰ ਰਾਜ ਸਿੰਘ, ਜੁਆਇੰਟ ਕਮਿਸ਼ਨਰ ਨਗਰ ਨਿਗਮ ਡਾ. ਮਨਦੀਪ ਕੌਰ, ਫੀਲਡ ਅਫ਼ਸਰ ਇੰਦਰਪਾਲ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਮੌਜੂਦ ਸਨ।

ਪੰਜਾਬੀ ਯੂਨੀਵਰਸਿਟੀ ਵਿਖੇ ਫਾਰਮੇਸੀ ਵਿਸ਼ੇ ਦੀ ਅੰਤਰਰਾਸ਼ਟਰੀ ਕਾਨਫ਼ਰੰਸ ਦੌਰਾਨ 56 ਮਾਹਿਰਾਂ ਨੇ ਪੇਸ਼ ਕੀਤੇ ਖੋਜ ਪੇਪਰ

ਪਟਿਆਲਾ, 20 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਦੇ ਫਾਰਮਾਸਿਊਟੀਕਲ ਐਂਡ ਡਰੱਗ ਰਿਸਰਚ ਵਿਭਾਗ ਵੱਲੋਂ ਕਰਵਾਈ ਗਈ ਤਿੰਨ ਦਿਨਾ ਅੰਤਰਰਾਸ਼ਟਰੀ ਕਾਨਫ਼ਰੰਸ ਸਫਲਤਾਪੂਰਵਕ ਸੰਪੰਨ ਹੋ ਗਈ ਹੈ। ਵਿਭਾਗ ਮੁਖੀ ਪ੍ਰੋ. ਗੁਲਸ਼ਨ ਬਾਂਸਲ ਨੇ ਦੱਸਿਆ ਕਿ ਇਹ ਕਾਨਫ਼ਰੰਸ ਐਸੋਸੀਏਸ਼ਨ ਆਫ਼ ਫਾਰਮਿਉਸਟੀਕਲ ਟੀਚਰਜ਼ ਆਫ਼ ਇੰਡੀਆ (ਏ.ਪੀ.ਟੀ.ਆਈ.) ਦੀ ਪੰਜਾਬ ਸਟੇਟ ਬਰਾਂਚ ਅਤੇ ਵਿਮੈਨ ਫ਼ੋਰਮ ਤੋਂ ਇਲਾਵਾ ਬਾਇਓਇਨਫਰਮੈਟਿਕ ਸੋਸਾਇਟੀ ਆਫ਼ ਸਿਚੂਅਨ ਪ੍ਰੋਵਿੰਸ ਚਾਈਨਾ (ਬੀ.ਆਈ. ਐੱਸ. ਐੱਸ. ਸੀ.) ਦੇ ਸਹਿਯੋਗ ਨਾਲ਼ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਕਾਨਫ਼ਰੰਸ ਦੌਰਾਨ ਕੁੱਲ 56 ਖੋਜਕਰਤਾਵਾਂ ਨੇ ਮੌਖਿਕ ਪੇਸ਼ਕਾਰੀ ਦਿੰਦਿਆਂ ਵਿੱਚ ਆਪਣੇ ਖੋਜ ਕਾਰਜ ਪੇਸ਼ ਕੀਤੇ ਹਨ ਅਤੇ ਕੁੱਲ 187 ਖੋਜਕਰਤਾਵਾਂ ਨੇ ਆਪਣੇ ਪੋਸਟਰ ਪ੍ਰਦਰਸ਼ਿਤ ਕੀਤੇ। ਇਸ ਤੋਂ ਇਲਾਵਾ ਦੋ ਹੋਰ ਗਤੀਵਿਧੀਆਂ ਡਿਬੇਟ ਅਤੇ ਕੁਇਜ਼ ਮੁਕਾਬਲੇ ਵੀ ਆਯੋਜਿਤ ਕੀਤੇ ਗਏ। ਇਨ੍ਹਾਂ ਸਾਰਿਆਂ ਦਾ ਮੁਲਾਂਕਣ ਵੱਖ-ਵੱਖ ਕਾਲਜਾਂ ਦੇ ਪ੍ਰਸਿੱਧ ਮਾਹਿਰਾਂ ਦੁਆਰਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਕਾਨਫਰੰਸ ਉਦੇਸ਼ ਉੱਚ ਪੱਧਰੀ ਫਾਰਮਾਸਿਊਟੀਕਲ ਸੈਕਟਰ ਦੀ ਖੋਜ ਅਤੇ ਸਿਹਤ ਸੰਭਾਲ ਹੱਲਾਂ ਲਈ ਸੂਚਨਾ ਵਿਗਿਆਨ ਸਾਧਨਾਂ ਦੀ ਵਰਤੋਂ ਕਰ ਕੇ ਅਕਾਦਮਿਕ ਖੇਤਰ ਅਤੇ ਸਬੰਧਤ ਇੰਡਸਟਰੀ ਦੇ ਦਰਮਿਆਨ ਪਾੜੇ ਨੂੰ ਪੂਰਨਾ ਰਿਹਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਦੇਸ ਭਰ ਦੀਆਂ ਪ੍ਰਮੁੱਖ ਫਾਰਮਾਸਿਊਟੀਕਲ ਕੰਪਨੀਆਂ, ਖੋਜ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਤੋਂ ਮਾਹਿਰਾਂ ਅਤੇ ਵਿਦਵਾਨਾਂ ਨੇ ਭਾਗ ਲਿਆ।

ਵਰਨਣਯੋਗ ਹੈ ਕਿ ਪਹਿਲੇ ਦਿਨ ਇਸ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਦੌਰਾਨ ਐਸੋਸੀਏਸ਼ਨ ਆਫ਼ ਫਾਰਮਿਉਸਟੀਕਲ ਟੀਚਰਜ਼ ਆਫ਼ ਇੰਡੀਆ ਦੇ ਕੌਮੀ ਪ੍ਰਧਾਨ ਡਾ. ਮਿਲਿੰਦ ਜਾਨਰਾਓ ਉਮੇਕਰ ਵੱਲੋਂ ਆਪਣੇ ਵਿਚਾਰ ਪ੍ਰਗਟਾਏ ਗਏ ਸਨ ਅਤੇ ਫ਼ਾਰਮੇਸੀ ਕੌਂਸਲ ਆਫ਼ ਇੰਡੀਆ ਦੇ ਮੁਖੀ ਮੋਟੂਕੁਮਾਰ ਪਟੇਲ ਨੇ ਆਨਲਾਈਨ ਵਿਧੀ ਰਾਹੀਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਸੀ। ਇਸ ਤੋਂ ਇਲਾਵਾ ਚੀਨ ਦੀ ਸੰਸਥਾ ਬੀ.ਆਈ. ਐੱਸ. ਐੱਸ. ਸੀ. ਤੋਂ ਡਾ. ਬਾਇਰੌਂਗ ਸ਼ੇਨ ਨੇ ਆਨਲਾਈਨ ਵਿਧੀ ਰਾਹੀਂ ਕਾਨਫ਼ਰੰਸ ਦਾ ਮੁੱਖ ਸੁਰ ਭਾਸ਼ਣ ਦਿੱਤਾ ਸੀ। ਕਾਨਫ਼ਰੰਸ ਦੌਰਾਨ ਹੋਈ ਅਲੂਮਨੀ ਮੀਟ ਦਾ ਆਯੋਜਨ ਅਤੇ ਸੰਚਾਲਨ ਵੀ ਡਾ. ਮਨਜਿੰਦਰ ਸਿੰਘ ਅਤੇ ਡਾ. ਦੀਪਦਰਸ਼ ਚਿਤਕਾਰਾ ਕਾਲਜ ਆਫ਼ ਫਾਰਮੇਸੀ ਵੱਲੋਂ ਕੀਤਾ ਗਿਆ ਸੀ ਜਿਸ ਦੌਰਾਨ ਉਸਤਾਦ ਡਾ. ਮੁਜਤਬਾ ਹੁਸੈਨ ਦੀ ਅਗਵਾਈ ਹੇਠ ਸ਼ਾਸਤਰੀ ਪੇਸ਼ਕਾਰੀਆਂ ਵਾਲੀ ਇੱਕ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ। ਕਾਨਫ਼ਰੰਸ ਦੌਰਾਨ ਪੰਜਾਬ ਮੈਨੂਫੈਕਚਰਿੰਗ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਬੀ ਫਾਰਮ ਅਤੇ ਐੱਮ ਫਾਰਮ ਦੇ ਵਿਦਿਆਰਥੀਆਂ ਲਈ ਇੱਕ ਪਲੇਸਮੈਂਟ ਡਰਾਈਵ ਵੀ ਚਲਾਈ ਗਈ।

ਪੰਜਾਬ ਵਿੱਚ ਕਰੀਬ 3 ਸਾਲਾਂ ਦੌਰਾਨ 94 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਨਿਵੇਸ਼: ਸੌਂਦ

ਗ੍ਰੀਨ ਸਟੈਂਪ ਪੇਪਰ ਨਾਲ ਪੰਜਾਬ ਦੇ ਸਨਅਤੀ ਖੇਤਰ ਦੀ ਦਸ਼ਾ ਤੇ ਦਿਸ਼ਾ ਬਦਲੀ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲ ਕਦਮੀ ਸਕਦਾ ਉਦਯੋਗਾਂ ਲਈ ਰਵਾਇਤੀ ਸਟੈਂਪ ਪੇਪਰ ਦੀ ਥਾਂ ਗ੍ਰੀਨ ਸਟੈਂਪ ਪੇਪਰ ਪੰਜਾਬ ਸਰਕਾਰ ਦੀ ਇੱਕ ਵਿਲੱਖਣ ਸ਼ੁਰੂਆਤ ਹੈ। ਇਹ ਇੱਕ ਆਨ ਲਾਈਨ ਪ੍ਰਕਿਰਿਆ ਹੈ, ਜਿਸ ਨਾਲ ਜ਼ਿਆਦਾ ਪਾਰਦਰਸ਼ਤਾ ਆਈ ਹੈ ਅਤੇ ਜ਼ਮੀਨ ਪ੍ਰਾਪਤੀ ਲਈ ਧੋਖੇਬਾਜ਼ੀ ਦੀ ਗੁੰਜਾਇਸ਼ ਖਤਮ ਹੋਈ ਹੈ। ਜ਼ਮੀਨ ਪ੍ਰਾਪਤੀ ਲਈ ਜ਼ਰੂਰੀ ਪ੍ਰਵਾਨਗੀਆਂ ਮਿਲਣ ਤੋਂ ਬਾਅਦ ਗ੍ਰੀਨ ਸਟੈਂਪ ਪੇਪਰ ਜਾਰੀ ਹੁੰਦਾ ਹੈ ਜਿਸ ਰਾਹੀਂ ਉਦਯੋਗ ਰਜਿਸਟਰਡ ਸੇਲ ਡੀਡ ਕਰਨ ਯੋਗ ਹ�ो ਜਾਂਦੇ ਹਨ।

ਸੌਂਦ ਨੇ ਦੱਸਿਆ ਕਿ ਗ੍ਰੀਨ ਸਟੈਂਪ ਪੇਪਰ ਅਤੇ ਉਦਯੋਗਾਂ ਦੀ ਉੱਨਤੀ ਤੇ ਪ੍ਰਫੁੱਲਤਾ ਲਈ ਪੰਜਾਬ ਸਰਕਾਰ ਦੀ ਸੰਜੀਦਗੀ ਅਤੇ ਸੁਹਿਰਦਤਾ ਸਦਕਾ ਪੰਜਾਬ ਸਰਕਾਰ ਨੂੰ ਮਾਰਚ 2022 ਤੋਂ ਲੈ ਕੇ ਹੁਣ ਤੱਕ, ਕਰੀਬ 3 ਸਾਲਾਂ ਦੌਰਾਨ 94,203 ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ ਮਿਲੇ ਹਨ। ਇਸ ਸਦਕਾ 4 ਲੱਖ ਤੋਂ ਜ਼ਿਆਦਾ ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ। ਸੌਂਦ ਨੇ ਹੋਰਨਾਂ

ਉਦਯੋਗਪਤੀਆਂ ਨੂੰ ਵੀ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਨਅਤ ਪੱਖੀ ਨੀਤੀਆਂ ਸਦਕਾ ਵੱਡੇ-ਵੱਡੇ ਸਨਅਤੀ ਘਰਾਣੇ ਪੰਜਾਬ ਵਿੱਚ ਆਪਣੀਆਂ ਇਕਾਈਆਂ ਸਥਾਪਤ ਕਰਨ ਵਿੱਚ ਦਿਲਚਸਪੀ ਵਿਖਾ ਰਹੀਆਂ ਹਨ।

ਉਨ੍ਹਾਂ ਅੱਗੇ ਕਿਹਾ ਕਿ ਨਿਵੇਸ਼ ਲਈ ਪੰਜਾਬ ਦਾ ਮਾਹੌਲ ਸਾਜਗਾਰ, ਢੁਕਵਾਂ ਅਤੇ ਸ਼ਾਂਤੀਪੂਰਵਕ ਹੈ ਅਤੇ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਪੂਰੇ ਸਮਰਪਣ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਵੀ ਉਦਯੋਗ ਪੱਖੀ ਹਨ ਅਤੇ ਛੋਟੇ ਤੇ ਦਰਮਿਆਨੇ ਉਦਯੋਗਪਤੀ ਆਪਣਾ ਕਾਰੋਬਾਰ ਅੱਜ ਹੀ ਇਕ ਹਲਫ਼ੀਆ ਬਿਆਨ ਦੇ ਕੇ ਸ਼ੁਰੂ ਕਰ ਸਕਦੇ ਹਨ ਅਤੇ ਜ਼ਰੂਰੀ ਦਸਤਾਵੇਜ਼ੀ ਪ੍ਰਕਿਰਿਆ 3 ਸਾਲਾਂ ਦੇ ਅੰਦਰ ਅੰਦਰ ਪੂਰੀ ਕੀਤੀ ਜਾ ਸਕਦੀ ਹੈ।

ਉਦਯੋਗ ਤੇ ਵਣਜ ਅਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਗ੍ਰੀਨ ਸਟੈਂਪ ਪੇਪਰ ਦੀ ਇਸ ਪਹਿਲ ਕਦਮੀ ਨਾਲ ਉਦਯੋਗਪਤੀਆਂ ਲਈ ਕਾਨੂੰਨੀ ਦਸਤਾਵੇਜਾਂ ਦੀ ਪ੍ਰੋਸੈਸਿੰਗ ਤੇਜ਼ ਹੋਈ ਹੈ। ਸਭ ਤੋਂ ਅਹਿਮ ਸਾਰਾ ਕੁਝ ਆਨ ਲਾਈਨ ਹੋਣ ਸਦਕਾ ਲੋਕਾਂ ਦੇ ਕੰਮ ਆਸਾਨੀ ਨਾਲ ਤੇ ਜਵਾਬਦੇਹੀ ਨਾਲ ਹੋ ਜਾਂਦੇ ਹਨ।

ਸੌਂਦ ਨੇ ਦੱਸਿਆ ਕਿ ਗ੍ਰੀਨ ਸਟੈਂਪ ਪੇਪਰ ਨਾਲ ਉਦਯੋਗਾਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਤੇਜ਼ੀ ਨਾਲ ਜਾਰੀ ਕਰਨ ਨੂੰ ਯਕੀਨੀ ਬਣਾਇਆ ਜਾਂਦਾ ਹੈ। 6 ਵਿਭਾਗਾਂ ਵੱਲੋਂ ਨਿਰਧਾਰਤ ਸਮਾਂ-ਸੀਮਾਵਾਂ ਵਿੱਚ ਸਿੰਗਲ ਵਿੰਡੋ ਸਿਸਟਮ ਰਾਹੀਂ ਪੂਰਵ-ਮਨਜ਼ੂਰੀਆਂ ਦਿੱਤੀਆਂ ਜਾਂਦੀਆਂ ਹਨ। ਇਹ ਵਿਭਾਗ ਹਨ- ਮਾਲ, ਹਾਊਸਿੰਗ ਅਤੇ ਸ਼ਹਿਰੀ ਵਿਕਾਸ, ਸਥਾਨਕ ਸਰਕਾਰਾਂ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਜੰਗਲਾਤ ਤੇ ਜੰਗਲੀ ਜੀਵ, ਕਿਰਤ ਅਤੇ ਫੈਕਟਰੀਆਂ।

ਮੈਡੀਕਲ ਕਾਲਜ ਵਿਖੇ ਦੇਹ ਤੇ ਅੰਗ ਦਾਨ ਤੇ ਟ੍ਰਾਂਸਪਲਾਂਟੇਸ਼ਨ ਬਾਰੇ ਜਾਗਰੂਕਤਾ ਸਮਾਗਮ

ਪਟਿਆਲਾ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੌਟੋ ਪੰਜਾਬ, ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ, ਪਟਿਆਲਾ ਵੱਲੋਂ ਮਾਨੀਪਾਲ ਹਸਪਤਾਲ ਦੇ ਸਹਿਯੋਗ ਨਾਲ ਆਯੋਜਿਤ ਅੰਗ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਬਾਰੇ ਜਾਗਰੂਕਤਾ ਸਮਾਗਮ ਸਫਲਤਾਪੂਰਵਕ ਸੰਪੰਨ ਹੋਇਆ। ਇਹ ਸਮਾਗਮ ਅੰਗ ਦਾਨ ਦੀ ਮਹੱਤਤਾ, ਕਾਨੂੰਨੀ ਵਿਧਾਨ, ਅਤੇ ਟ੍ਰਾਂਸਪਲਾਂਟੇਸ਼ਨ ਦੀ ਪ੍ਰਕਿਰਿਆ ਉੱਤੇ ਕੇਂਦਰਤ ਸੀ। ਐਨਜੀਓਜ਼, ਵਿਦਵਾਨਾਂ, ਡਾਕਟਰੀ ਮਾਹਿਰਾਂ ਅਤੇ ਆਮ ਲੋਕਾਂ ਦੀ ਵੱਡੀ ਹਾਜ਼ਰੀ ਨੇ ਇਸ ਪ੍ਰੋਗਰਾਮ ਨੂੰ ਇੱਕ ਵੱਡੀ ਕਾਮਯਾਬੀ ਬਣਾਇਆ।

ਡਾ. ਰਾਜਨ ਸਿੰਗਲਾ (ਚੇਅਰਮੈਨ, ਸੌਟੋ ਪੰਜਾਬ; ਡਾਇਰੈਕਟਰ ਪ੍ਰਿੰਸੀਪਲ ਅਤੇ ਮੁਖੀ, ਐਨਾਟਮੀ ਵਿਭਾਗ) ਨੇ ਸਰੀਰ ਦਾਨ ਦੀ ਮਹੱਤਤਾ ਅਤੇ ਇਸਦੇ ਵਿਗਿਆਨਕ ਤੇ ਸਮਾਜਿਕ ਲਾਭਾਂ ਉੱਤੇ ਚਾਨਣ ਪਾ ?ਇਆ। ਡਾ. ਗਗਨੀਨ ਕੌਰ ਸੰਧੂ (ਨੋਡਲ ਅਧਿਕਾਰੀ, ਸੌਟੋ ਪੰਜਾਬ) ਨੇ ਸੌਟੋ ਪੰਜਾਬ ਦੀ ਭੂਮਿਕਾ ਅਤੇ ਅੰਗ ਦਾਨ ਦੀ ਪ੍ਰਕਿਰਿਆ ਉੱਤੇ ਵਿਸ਼ਲੇਸ਼ਣਾਤਮਕ ਚਰਚਾ ਕੀਤੀ। ਡਾ. ਆਕਾਸ਼ ਦੀਪ (ਮੁਖੀ, ਫੋਰੈਂਸਿਕ ਮੈਡੀਸਿਨ ਵਿਭਾਗ) ਨੇ ਅੰਗ ਦਾਨ ਅਤੇ ਟ੍ਰਾਂਸਪਲਾਂਟੇਸ਼ਨ ਲਈ ਠੋਸ ਕਾਨੂੰਨੀ ਧਾਰਾਵਾਂ 'ਤੇ ਵਿਸ਼ਲੇਸ਼ਣ ਕੀਤਾ, ਤਾਂਕਿ ਲੋਕ ਕਾਨੂੰਨੀ ਸੁਰੱਖਿਆ ਅਤੇ ਨੈਤਿਕ ਪੱਖ ਬਾਰੇ ਜਾਣੂ ਹੋ ਸਕਣ। ਇਸੇ ਦੌਰਾਨ ਡਾ. ਆਨੰਦ ਅਗਰਵਾਲ (ਮੁਖੀ, ਅੱਖ ਵਿਭਾਗ) ਨੇ ਆੱਖ ਦਾਨ ਦੀ ਮਹੱਤਤਾ ਅਤੇ ਇਸ ਨਾਲ ਨੇਤਰਹੀਣ ਲੋਕਾਂ ਲਈ ਨਵੀਂ ਰੋਸ਼ਨੀ ਦੀ ਉਮੀਦ ਦੀ ਚਰਚਾ ਕੀਤੀ। ਮਨੀਪਾਲ ਹਸਪਤਾਲ ਦੇ ਮਾਹਿਰਾਂ ਨੇ ਵੀ ਵਿਸ਼ੇਸ਼ ਯੋਗਦਾਨ ਪਾਇਆ। ਡਾ. ਗੁਨੀਤ ਸਿੰਘ (ਇੰਟੈਨਸਿਵਿਸਟ) ਨੇ ਬ੍ਰੇਨਸਟੈਮ ਮੌਤ ਅਤੇ ਇਸਦੇ ਅੰਗ ਦਾਨ ਉੱਤੇ ਪ੍ਰਭਾਵ ਉੱਤੇ ਵਿਸ਼ਲੇਸ਼ਣ ਪੇਸ਼ ਕੀਤਾ। ਡਾ. ਨਿਤਿਨ ਕੁਮਾਰ (ਨੇਫਰੋਲੋਜਿਸਟ) ਨੇ ਗੁਰਦੇ ਦੀ ਸਿਹਤ, ਗੁਰਦੇ ਦੀਆਂ ਬਿਮਾਰੀਆਂ ਅਤੇ ਅੰਗ ਦਾਨ ਦੀ ਲੋੜ ਬਾਰੇ ਚਰਚਾ ਕੀਤੀ। ਇਸ ਸਮਾਗਮ ਵਿੱਚ ਗੋਇਲਸ ਚੈਰੀਟੇਬਲ ਫਾਊਂਡੇਸ਼ਨ ਟਰੱਸਟ, ਅਗਰਵਾਲ ਸਮਾਜ ਸਭਾ, ਭਾਰਤ ਵਿਕਾਸ ਪਰਿਸ਼ਦ, ਅਤੇ ਸ਼੍ਰੀ ਸਨਾਤਨ ਧਰਮ ਕੁਮਾਰ ਸਭਾ ਵਰਗੀਆਂ ਸਮਾਜਿਕ ਸੰਸਥਾਵਾਂ ਨੇ ਵੀ ਭਾਗ ਲਿਆ, ਜਿਨ੍ਹਾਂ ਨੇ ਅੰਗ ਦਾਨ ਦੀ ਮਹੱਤਤਾ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਇਹ ਸਮਾਗਮ ਵਧੀਆ ਜਾਗਰੂਕਤਾ, ਲੋਕਾਂ ਦੀ ਸ਼ਮੂਲੀਅਤ, ਅਤੇ ਅੰਗ ਦਾਨ ਲਈ ਵਚਨਬੱਧਤਾ ਨੂੰ ਵਧਾਉਣ ਵਿੱਚ ਕਾਫ਼ੀ ਮਦਦਗਾਰ ਸਾਬਤ ਹੋਇਆ। ਬਹੁਤ ਸਾਰੇ ਹਾਜ਼ਰੀਨ ਨੇ ਅੰਗ ਦਾਨ ਰਜਿਸਟ੍ਰੇਸ਼ਨ ਵਿੱਚ ਦਿਲਚਸਪੀ ਦਰਸਾਈ, ਜੋ ਕਿ ਇੱਕ ਸਕਾਰਾਤਮਕ ਪਹੁੰਚ ਹੈ। ਸੌਟੋ ਪੰਜਾਬ, ਸਰਕਾਰੀ ਮੈਡੀਕਲ ਕਾਲਜ ਅਤੇ ਰਾਜਿੰਦਰਾ ਹਸਪਤਾਲ, ਪਟਿਆਲਾ ਨੇ ਸਹਿਯੋਗੀ ਸੰਸਥਾਵਾਂ, ਮੈਡੀਕਲ ਮਾਹਰਾਂ, ਅਤੇ ਹਾਜ਼ਰ ਲੋਕਾਂ ਦਾ ਧੰਨਵਾਦ ਕਰਦਾ ਹੈ, ਜੋ ਕਿ ਅੰਗ ਦਾਨ ਦੀ ਜਾਗਰੂਕਤਾ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਅਮਰੀਕਾ ਤੋਂ ਡਿਪੋਰਟ ਕੀਤੇ ਭਾਰਤੀਆਂ ਨਾਲ ਗੈਰਮਨੁੱਖੀ ਵਤੀਰਾ ਅਤਿ ਨਿੰਦਣਯੋਗ: ਸੰਧਵਾਂ

ਚੰਡੀਗੜ੍ਹ, 20 ਫਰਵਰੀ
**-ਕੌਮੀ ਪੱ

ਲੜਕੀ ਦੇ ਜਨਮ ਲਈ ਔਰਤ ਨਹੀਂ ਜ਼ਿੰਮੇਵਾਰ

ਪ੍ਰੋ. ਬਸੰਤ ਸਿੰਘ ਬਰਾੜ

ਹੈਰਾਨੀਜਨਕ ਅਤੇ ਪੜ੍ਹੇ-ਲਿਖੇ ਵਰਗ ਲਈ ਸ਼ਰਮਿੰਦਗੀ ਵਾਲੀ ਗੱਲ ਹੈ ਕਿ ਅੱਜ ਵੀ ਭਾਰਤ ਵਿਚ ਔਰਤਾਂ ਉੱਤੇ ਅਨੇਕ ਥਾਵਾਂ 'ਤੇ ਇਸ ਲਈ ਜ਼ੁਲਮ ਹੋ ਰਹੇ ਹਨ ਕਿ ਉਹ ਲੜਕੀਆਂ ਨੂੰ ਜਨਮ ਦਿੰਦੀਆਂ ਹਨ। ਜੀਵ-ਵਿਗਿਆਨ ਦੀ ਇਹ ਮੁੱਢਲੀ ਸਚਾਈ ਹੈ ਕਿ ਨਰ ਜਾਂ ਮਾਦਾ ਬੱਚੇ ਦੇ ਜਨਮ ਲਈ ਮਾਂ ਦਾ ਰੱਤੀ ਭਰ ਵੀ ਸਬੰਧ ਨਹੀਂ ਹੁੰਦਾ। ਇਸ ਦੇ ਲਈ ਸਿਰਫ਼ ਤਾਂ ਸਿਫ਼ਰ ਨਰ ਜ਼ਿੰਮੇਵਾਰ ਹੁੰਦਾ ਹੈ। ਇਸ ਅਗਿਆਨਤਾ ਦੇ ਕਾਰਣ ਅਨੇਕ ਔਰਤਾਂ ਨੂੰ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ, ਤਲਾਕ ਹੋ ਜਾਂਦੇ ਹਨ ਅਤੇ ਕਈ ਪੀੜਤ ਮਾਵਾਂ ਆਤਮ-ਹੱਤਿਆ ਵੀ ਕਰ ਲੈਂਦੀਆਂ ਹਨ ਜਾਂ ਮਾਰ ਦਿੱਤੀਆਂ ਜਾਂਦੀਆਂ ਹਨ। ਇਹ ਘੋਰ ਬੇਇਨਸਾਫ਼ੀ ਹੀ ਨਹੀਂ ਸਗੋਂ ਗਊ-ਹੱਤਿਆ ਵਰਗਾ ਪਾਪ ਹੈ।

ਤਸੀਹੇ ਅਤੇ ਤਾਹਨੇ

ਲੜਕੀਆਂ ਨੂੰ ਜਨਮ ਦੇਣ ਵਾਲੀਆਂ ਅਣਗਿਣਤ ਮਾਵਾਂ ਹਨ ਜੋ ਸਹੁਰੇ ਪਰਿਵਾਰ ਵਿਚ ਚੁੱਪ-ਚਾਪ ਕੁੱਟਮਾਰ, ਤਸੀਹੇ ਅਤੇ ਤਾਹਨੇ ਸਹੀ ਜਾਂਦੀਆਂ ਹਨ। ਭਾਰਤੀ ਸਮਾਜ ਵਿਚ ਇਕ ਲੜਕੇ ਤੋਂ ਬਗ਼ੈਰ ਪਰਿਵਾਰ ਸੰਪੂਰਨ ਨਹੀਂ ਸਮਝਿਆ ਜਾਂਦਾ ਕਿਉਂਕਿ ਉਸ ਨੂੰ ਵੰਸ਼ ਚਲਾਉਣ ਵਾਲਾ ਸਮਝਿਆ ਜਾਂਦਾ ਹੈ। ਇਸ ਅੰਧਵਿਸ਼ਵਾਸ ਦਾ ਸ਼ਿਕਾਰ ਸਿਰਫ਼ ਔਰਤਾਂ ਹੀ ਹੁੰਦੀਆਂ ਹਨ। 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੇ ਫੋਕੇ ਨਾਹਰੇ ਲਾ ਕੇ ਅਤੇ ਇਹ ਕਹਿ ਕੇ ਕਿ ਅੱਜ ਕੱਲ੍ਹ ਲੜਕੇ ਅਤੇ ਲੜਕੀ ਵਿਚ ਕੋਈ ਫ਼ਰਕ ਨਹੀਂ ਸਭ ਲੋਕ ਇਸ ਵਿਕਰਾਲ ਸਮੱਸਿਆ ਪ੍ਰਤੀ ਅਵੇਸਲੇ ਹੋ ਜਾਂਦੇ ਹਨ।

ਧਾਰਮਿਕ ਪਰੰਪਰਾ

ਭਾਰਤ ਵਿਚ ਕਥਨੀ ਅਤੇ ਕਰਨੀ ਵਿਚ ਦਿਨ ਰਾਤ ਦਾ ਫ਼ਰਕ ਹੈ। ਧਾਰਮਿਕ ਪਰੰਪਰਾ ਅਨੁਸਾਰ ਔਰਤ ਨੂੰ ਦੇਵੀ ਅਤੇ ਮਾਤਾ ਦੀ ਪਦਵੀ ਦਿੱਤੀ ਜਾਂਦੀ ਹੈ। ਕਿਸੇ ਦੇਸ਼ ਵਿਚ ਇੰਨੀਆਂ ਦੇਵੀਆਂ ਨਹੀਂ ਪੂਜੀਆਂ ਜਾਂਦੀਆਂ ਜਿੰਨੀਆਂ ਭਾਰਤ ਵਿਚ ਪੂਜੀਆਂ ਜਾਂਦੀਆਂ ਹਨ। ਵੇਦਾਂ ਦੀ ਰਚਨਾ ਵਿਚ ਕਈ ਔਰਤਾਂ ਦਾ ਮਹੱਤਵਪੂਰਣ ਯੋਗਦਾਨ ਰਿਹਾ ਹੈ। ਵੈਦਿਕ ਕਾਲ ਵਿਚ ਔਰਤਾਂ ਦੀ ਹਾਜ਼ਰੀ ਤੋਂ ਬਗ਼ੈਰ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਸੀ। ਹੁਣ ਵੀ ਨਰਾਤਿਆਂ ਵਿਚ ਨਾਰੀ-ਸ਼ਕਤੀ ਦੀਆਂ ਪ੍ਰਤੀਕ ਦੇਵੀਆਂ ਦੀ ਪੂਜਾ ਕਰ ਕੇ ਕੰਜਕਾਂ ਖਵਾਈਆਂ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਔਰਤਾਂ ਨੂੰ ਉੱਚੀ ਪਦਵੀ ਬਖ਼ਸ਼ੀ। ਵਰਤਮਾਨ ਸਰਕਾਰਾਂ ਵੀ ਔਰਤਾਂ ਦੀ ਹਾਲਤ ਸੁਧਾਰਨ ਲਈ ਕੁਝ ਉਪਰਾਲੇ ਕਰ ਰਹੀਆਂ ਹਨ ਪ੍ਰੰਤੂ ਵਿਗਿਆਨਕ ਸੋਚ ਅਤੇ ਸਮਾਜਿਕ ਅਤੇ ਧਾਰਮਿਕ ਪ੍ਰਵਾਨਗੀ ਤੋਂ ਬਗ਼ੈਰ ਇਹ ਸਾਰਥਕ ਸਿੱਧ ਨਹੀਂ ਹੋ ਰਹੇ। ਕਲਪਨਾ ਚਾਵਲਾ ਵਰਗੀਆਂ ਇੱਕਾ-ਦੁੱਕਾ ਔਰਤਾਂ ਦੀਆਂ ਪ੍ਰਾਪਤੀਆਂ ਦੇ ਬਾਵਜੂਦ ਅਧਿਕਤਰ ਅਣਪੜ੍ਹ ਹੀ ਨਹੀਂ ਬਲਕਿ ਪੜ੍ਹੀਆਂ ਲਿਖੀਆਂ ਔਰਤਾਂ ਦੀ ਹਾਲਤ ਵੀ ਤਰਸਯੋਗ ਹੈ। ਇਹ ਸਥਿਤੀ ਨਾਲ ਨਜਿਠਣ ਲਈ ਕਈ ਸਮਾਜਿਕ ਸੰਸਥਾਵਾਂ ਕੰਮ ਕਰ ਰਹੀਆਂ ਹਨ।

ਅਗਿਆਨਤਾ

ਹਰ ਜੀਵ ਵਾਂਗ ਇਨਸਾਨ ਦੀ ਜਣਨ ਕਿਰਿਆ ਵੀ ਇੰਨੀ ਵਚਿੱਤਰ ਹੈ ਕਿ ਕੁਦਰਤ ਦੇ ਇਸ ਕ੍ਰਿਸ਼ਮੇ ਨੂੰ ਸਮਝ ਕੇ ਆਦਮੀ ਅਸ਼-ਅਸ਼ ਕਰ ਉਠਦਾ ਹੈ। ਇਕ ਬੱਚੇ ਦੇ ਜਨਮ ਲੈਣ ਵਿਚ ਕਿੰਨੇ ਹੀ ਚਮਤਕਾਰੀ ਰਸਾਇਣਕ ਅਤੇ ਸਰੀਰਕ ਪਰਿਵਰਤਨ ਅਤੇ ਅਮਲ ਯੋਗਦਾਨ ਪਾਉਂਦੇ ਹਨ। ਇੱਥੇ ਇਨ੍ਹਾਂ ਸਾਰੀਆਂ ਪੇਚੀਦਾ ਅਤੇ ਅਤਿ ਗੁੰਝਲਦਾਰ ਕਿਰਿਆਵਾਂ ਬਾਰੇ ਜਾਣਨ ਦੀ ਲੋੜ ਨਹੀਂ। ਸਿਰਫ਼ ਇਹ ਸਮਝਣਾ ਜ਼ਰੂਰੀ ਹੈ ਕਿ ਗਰਭ-ਧਾਰਣ ਸਮੇਂ ਬੱਚੇ ਦਾ ਨਰ ਜਾਂ ਮਾਦਾ ਲਿੰਗ ਕਿਵੇਂ ਨਿਰਧਾਰਤ ਹੁੰਦਾ ਹੈ। ਤੁਰੰਤ ਹੀ ਇਹ ਨਿਰਣਾ ਹੋ ਜਾਂਦਾ ਹੈ ਅਤੇ ਬਾਅਦ ਵਿਚ ਕੋਈ ਵੀ ਦਵਾਈ ਆਦਿ ਇਸ ਨੂੰ ਬਦਲ ਨਹੀਂ ਸਕਦੇ। ਲੋਕ ਅਗਿਆਨਤਾ ਵਿਚ ਹੀ ਅਖਾਉਤੀ ਸਾਧਾਂ-ਸੰਤਾਂ ਕੋਲ ਪੈਸੇ ਬਰਬਾਦ ਕਰਦੇ ਹਨ।

ਜੀਵਨ ਦਾ ਮੁੱਢ

ਜੀਵਨ ਦਾ ਮੁੱਢ ਨਰ ਅਤੇ ਮਾਦਾ ਕਰੋਮੋਸੋਮਾਂ ਦੇ ਮਿਲਣ ਨਾਲ ਬਝਦਾ ਹੈ। ਇਨ੍ਹਾਂ ਦੀਆਂ ਦੋ ਕਿਸਮਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਅੰਗਰੇਜ਼ੀ ਵਰਣਮਾਲਾ ਦੇ ਐਕਸ ਅਤੇ ਵਾਈ ਅੱਖਰਾਂ ਨਾਲ ਦਰਸਾਇਆ ਜਾਂਦਾ ਹੈ। ਔਰਤ ਦੇ ਸਰੀਰ ਵਿਚ ਹਰ ਮਹੀਨੇ ਸਿਰਫ਼ ਇਕ ਓਵਮ ਪੈਦਾ ਹੁੰਦਾ ਹੈ ਜਿਸ ਨੂੰ ਪੰਜਾਬੀ ਵਿਚ ਅੰਡਾਣੂ ਜਾਂ ਆਂਡਾ ਕਿਹਾ ਜਾਂਦਾ ਹੈ। ਇਹ ਨਿਰੋਲ ਤੌਰ 'ਤੇ ਐਕਸ ਕਰੋਮੋਸੋਮਾਂ ਦਾ ਬਣਿਆ ਹੋਇਆ ਹੁੰਦਾ ਹੈ। ਇਸ ਦਾ ਆਪਣਾ ਕੋਈ ਲਿੰਗ ਨਹੀਂ ਹੁੰਦਾ ਅਰਥਾਤ ਇਹ ਨਾ ਨਰ ਹੁੰਦਾ ਹੈ ਨਾ ਮਾਦਾ। ਆਦਮੀ ਦੇ ਸਰੀਰ ਵਿਚ ਜੋ ਉਤਪਾਦਕ ਬੀਜ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਸਪਰਮ ਅਥਵਾ ਸ਼ੁਕਰਾਣੂ ਕਿਹਾ ਜਾਂਦਾ ਹੈ। ਇਹ ਐਕਸ ਅਤੇ ਵਾਈ ਦੋਹਾਂ ਕਿਸਮਾਂ ਦੇ ਹੁੰਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਕਰੋੜਾਂ ਵਿੱਚ ਹੁੰਦੀ ਹੈ। ਹਰ ਇਕ ਸ਼ੁਕਰਾਣੂ ਵਿਚ ਜਾਂ ਤਾਂ ਨਿਰੋਲ ਐਕਸ ਕਰੋਮੋਸੋਮ ਹੁੰਦੇ ਹਨ ਅਤੇ ਜਾਂ ਨਿਰੋਲ ਵਾਈ ਕਰੋਮੋਸੋਮ ਹੁੰਦੇ ਹਨ।

ਇਨ੍ਹਾਂ ਅਣਗਿਣਤ ਸ਼ੁਕਰਾਣੂਆਂ 'ਚੋਂ ਸਿਰਫ਼ ਇਕ ਸ਼ੁਕਰਾਣੂ ਅੰਗੇ ਤੈਰ ਕੇ ਔਰਤ ਦੇ ਅੰਡਾਣੂ ਨਾਲ ਜੁੜ ਜਾਂਦਾ ਹੈ ਅਤੇ ਜੀਵਨ ਲੀਲ੍ਹਾ ਦੀ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ। ਜੇਕਰ ਉਹ ਸ਼ੁਕਰਾਣੂ ਵਾਈ ਕਰੋਮੋਸੋਮਾਂ ਵਾਲਾ ਹੋਵੇ ਤਾਂ ਲੜਕਾ ਪੈਦਾ ਹੁੰਦਾ ਹੈ ਅਰਥਾਤ ਔਰਤ ਦੇ ਐਕਸ ਅਤੇ ਆਦਮੀ ਦੇ ਵਾਈ ਕਰੋਮੋਸੋਮ ਦੇ ਜੁੜਣ ਨਾਲ ਲੜਕੇ ਦੀ ਸਿਰਜਨਾ ਹੁੰਦੀ ਹੈ। ਇਸ ਦੇ ਉਲਟ ਜੇਕਰ ਔਰਤ ਦੇ ਐਕਸ ਕਰੋਮੋਸੋਮਾਂ ਵਾਲੇ ਅੰਡਾਣੂ ਨਾਲ ਆਦਮੀ ਦਾ ਐਕਸ ਕਰੋਮੋਸੋਮਾਂ ਵਾਲਾ ਸ਼ੁਕਰਾਣੂ ਜੁੜ ਜਾਵੇ ਤਾਂ ਲੜਕੀ ਪੈਦਾ ਹੁੰਦੀ ਹੈ ਦੱਸੋ ਕਿ ਲੜਕੀ ਨੂੰ ਜਨਮ ਦੇਣ ਵਿਚ ਵਿਚਾਰੀ ਔਰਤ ਦਾ ਕੀ ਕਸੂਰ ਹੁੰਦਾ ਹੈ। ਇਸ ਸਾਧਾਰਣ ਜਿਹੇ ਤੱਥ ਬਾਰੇ ਅਗਿਆਨਤਾ ਹੋਣ ਕਰਕੇ ਦੇਸ਼ਾਂ ਵਿਚ ਲੱਖਾਂ ਔਰਤਾਂ ਦੇ ਜੀਵਨ ਬਰਬਾਦ ਹੋ ਜਾਂਦੇ ਹਨ। ਇਹ ਜਾਗਰੂਕਤਾ ਪੈਦਾ ਕਰਨ ਲਈ ਮੀਡੀਆ ਪ੍ਰਯੋਗ ਕਰਨਾ ਚਾਹੀਦਾ ਹੈ।

ਗੰਭੀਰ ਖ਼ਤਰਾ

ਅੱਜ ਕੱਲ੍ਹ ਬੇਔਲਾਦ ਜੋੜਿਆਂ ਵਿਚ ਟੈਸਟ ਟਿਊਬ ਬੇਬੀ ਪੈਦਾ ਕਰਨ ਦੀ ਪ੍ਰਣਾਲੀ ਵਰਦਾਨ ਸਿੱਧ ਹੋ ਰਹੀ ਹੈ, ਪਰ ਇਹ ਪ੍ਰਣਾਲੀ ਇਕ ਗੰਭੀਰ ਖ਼ਤਰਾ ਵੀ ਪੈਦਾ ਕਰ ਰਹੀ ਹੈ। ਅਜੇ ਤਕ ਆਦਮੀ ਦੇ ਅਤਿ-ਸੂਖਮ ਐਕਸ ਅਤੇ ਵਾਈ ਕਰੋਮੋਸੋਮਾਂ ਵਾਲੇ ਸ਼ੁਕਰਾਣੂਆਂ ਨੂੰ ਅਲੱਗ ਕਰ ਕੇ ਇੱਛਾ ਅਨੁਸਾਰ ਪ੍ਰਯੋਗ ਕਰਨ ਦੀ ਵਿਧੀ ਸ਼ੁਰੂ ਨਹੀਂ ਹੋਈ। ਜੇ ਅਜੇਹੀ ਤਕਨੀਕ ਚੱਲ ਪਈ ਤਾਂ ਭਾਰਤ ਵਰਗੇ ਸਿਰਫ਼ ਲੜਕੇ ਚਾਹੁਣ ਵਾਲੇ ਦੇਸ਼ ਵਿਚ ਹਰ ਪਾਸੇ ਲੜਕੇ ਹੀ ਲੜਕੇ ਵਿਖਾਈ ਦੇਣ ਦੀ ਨੌਬਤ ਆ ਸਕਦੀ ਹੈ। ਦੂਰਅੰਦੇਸ਼ ਬਰਤਾਨਵੀ ਲੇਖਕ ਆਲਡਸ ਹਕਸਲੀ ਨੇ ਆਪਣੇ 1932 ਵਿਚ ਛਪੇ ਨਾਵਲ ਵਿਚ ਇਸ ਖ਼ਤਰੇ ਬਾਰੇ ਚਿਤਾਵਨੀ ਦੇ ਦਿੱਤੀ ਸੀ। ਚੀਨ ਵਿਚ ਇਸ ਵਿਧੀ ਬਾਰੇ ਗੱਲ ਚੱਲ ਪਈ ਹੈ। ਭਾਰਤ ਵਿਚ ਵੀ ਅਣਚਾਹੇ ਢੱਠਿਆਂ ਦੀ ਵਧ ਰਹੀ ਗਿਣਤੀ ਤੋਂ ਬਚਣ ਲਈ ਗਊਆਂ ਉੱਤੇ ਇਹ ਪ੍ਰਯੋਗ ਕਰਨ ਦੀ ਗੱਲ ਚੱਲ ਰਹੀ ਹੈ ਤਾਂ ਕਿ ਉਹ ਸਿਰਫ਼ ਵੱਛੀਆਂ ਹੀ ਪੈਦਾ ਕਰਨ। ਜੇ ਅਜੇਹਾ ਹੋ ਗਿਆ ਤਾਂ ਅੱਗੇ ਮਨੁੱਖਾਂ ਤਕ ਇਹ ਵਿਧੀ ਪਹੁੰਚਣ ਵਿਚ ਦੇਰ ਨਹੀਂ ਲੱਗੇਗੀ। •

98149-41214

ਇਨਸਾਫ਼

ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਇਨਸਾਫ਼ ਦਿਵਾਉਣ ਲਈ ਰਾਸ਼ਟਰੀ ਅਤੇ ਰਾਜ ਪੱਧਰਾਂ 'ਤੇ ਕਾਨੂੰਨੀ ਮਾਨਤਾ ਪ੍ਰਾਪਤ ਕਮਿਸ਼ਨ ਬਣੇ ਹੋਏ ਹਨ ਪ੍ਰੰਤੂ ਇਹ ਸਿਰਫ਼ ਦਹੇਜ, ਬਲਾਤਕਾਰ ਅਤੇ ਅਗਵਾ ਕਰਨ ਦੇ ਕੇਸਾਂ ਵਿਚ ਹੀ ਕੁਝ ਹੱਥ ਪੈਰ ਮਾਰਦੇ ਹਨ। ਹੋ ਸਕਦਾ ਹੈ ਕਿ ਇਸ ਬੁਰਾਈ ਦੀ ਗੰਭੀਰਤਾ ਅਤੇ ਵਿਸ਼ਾਲਤਾ ਬਾਰੇ ਪੜ੍ਹੇ ਲਿਖੇ ਸ਼ਹਿਰੀ ਵਰਗ ਨੂੰ ਅਨੁਮਾਨ ਹੀ ਨਾ ਹੋਵੇ ਕਿਉਂਕਿ ਕੁੜੀਆਂ ਦੀਆਂ ਮਾਵਾਂ ਉੱਤੇ ਸੱਸਾਂ, ਨਣਾਨਾਂ ਅਤੇ ਪਤੀਆਂ ਦਾ ਅੱਤਿਆਚਾਰ ਘਰਾਂ ਦੀਆਂ ਚੂਰੀਆਂ, ਬੋਲੀਆਂ ਕੰਧਾਂ ਅਤੇ ਬੰਦ ਦਰਵਾਜ਼ਿਆਂ ਪਿੱਛੇ ਹੁੰਦਾ ਹੈ ਅਤੇ ਇਨ੍ਹਾਂ ਬਦਕਿਸਮਤ ਔਰਤਾਂ ਦੇ ਸਿਰਫ਼ ਗਰਭਪਾਤ, ਕਤਲ, ਆਤਮ-ਹੱਤਿਆਵਾਂ ਅਤੇ ਤਲਾਕ ਦੀਆਂ ਕੁਝ ਖ਼ਬਰਾਂ ਹੀ ਮੀਡੀਆ ਦੇ ਸਾਹਮਣੇ ਆਉਂਦੀਆਂ ਹਨ। ਅਗਿਆਨਤਾ ਜਾਂ ਸਮਾਜਿਕ ਅਤੇ ਆਰਥਿਕ ਲਾਚਾਰੀ ਕਰਕੇ ਇਹ ਵਿਚਾਰੀਆਂ ਕਿਸੇ ਕੋਲ ਭਾਫ਼ ਹੀ ਨਹੀਂ ਕੱਢਦੀਆਂ।

ਵੈਦਿਕ ਕਾਲ ਵਿਚ ਔਰਤਾਂ ਦੀ ਹਾਜ਼ਰੀ ਤੋਂ ਬਗ਼ੈਰ ਕੋਈ ਯੱਗ ਸੰਪੂਰਨ ਨਹੀਂ ਹੁੰਦਾ ਸੀ। ਹੁਣ ਵੀ ਨਾਰੀ-ਸ਼ਕਤੀ ਦੀਆਂ ਪ੍ਰਤੀਕ ਦੇਵੀਆਂ ਦੀ ਪੂਜਾ ਕਰ ਕੇ ਕੰਜਕਾਂ ਖਵਾਈਆਂ ਜਾਂਦੀਆਂ ਹਨ...

ਪੜ੍ਹੇ-ਲਿਖੇ ਲੋਕ

ਗਰਭ-ਧਾਰਣ ਸਮੇਂ ਮੁੰਡੇ ਜਾਂ ਕੁੜੀ ਦਾ ਲਿੰਗ ਕਿਸ ਤਰ੍ਹਾਂ ਨਿਰਧਾਰਤ ਹੁੰਦਾ ਹੈ, ਇਸ ਪ੍ਰਕਿਰਿਆ ਨੂੰ ਸਮਝਾਉਣ ਲਈ ਥੋੜ੍ਹੀ ਬੇਬਾਕੀ ਦੀ ਲੋੜ ਪੈਂਦੀ ਹੈ। ਸ਼ਾਇਦ ਇਸ ਬਾਰੇ ਗਿਆਨ ਰੱਖਣ ਵਾਲੇ ਅਧਿਕਤਰ ਪੜ੍ਹੇ-ਲਿਖੇ ਲੋਕ ਇਸ ਵਿਸ਼ੇ 'ਤੇ ਲਿਖਣ ਜਾਂ ਬੋਲਣ ਵਿਚ ਸ਼ਰਮ ਮਹਿਸੂਸ ਕਰਦੇ ਹਨ ਜਾਂ ਉਨ੍ਹਾਂ ਕੋਲ ਭਾਰਤੀ ਭਾਸ਼ਾਵਾਂ ਦਾ ਉਚਿਤ ਸ਼ਬਦ-ਭੰਡਾਰ ਨਹੀਂ ਹੁੰਦਾ। ਜਦ ਇਹ ਵਿਸ਼ਾ ਜੀਵ-ਵਿਗਿਆਨ ਦੇ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਸਕਦਾ ਹੈ ਤਾਂ ਸਬੰਧਤ ਬਾਲਗਾਂ ਨੂੰ ਸਮਝਾਉਣ ਵਿਚ ਸੰਗ ਸ਼ਰਮ ਵਾਲੀ ਕਿਹੜੀ ਗੱਲ ਹੈ? ਸਗੋਂ ਸਾਰੇ ਸੂਝਵਾਨ ਲੋਕਾਂ ਨੂੰ ਇਸ ਅਟੱਲ ਸਚਾਈ ਬਾਰੇ ਭਾਸ਼ਣ ਦੇਣੇ ਚਾਹੀਦੇ ਹਨ ਅਤੇ ਪੋਸਟਰ ਲਗਾਉਣੇ ਚਾਹੀਦੇ ਹਨ। ਔਰਤ ਦੀ ਨਿਰਦੋਸ਼ਤਾ ਬਾਰੇ ਚਾਨਣ ਪਾਉਣਾ ਬਹੁਤ ਪੁੰਨ ਦਾ ਕੰਮ ਹੈ। ਆਖ਼ਰ ਲੱਖਾਂ ਔਰਤਾਂ ਲਈ ਇਹ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੁੰਦਾ ਹੈ।



ਸਰਕਾਰੀ ਸਕੂਲਾਂ ਵਿਚ ਸਿੱਖਿਆ ਮਹਿਕਮੇ ਵੱਲੋਂ ਜਿੱਥੇ ਸਮੇਂ-ਸਮੇਂ ਪੜ੍ਹਾਈ ਦਾ ਮਿਆਰ ਉੱਪਰ ਚੁੱਕਣ ਦਾ ਉਪਰਾਲਾ ਕੀਤਾ ਜਾਂਦਾ ਹੈ ਉੱਥੇ ਇਸ ਵਾਰ ਇਕ ਆਦੇਸ਼ ਜਾਰੀ ਹੋਇਆ ਸਕੂਲਾਂ ਵਿਚ ਜਨਵਰੀ ਮਹੀਨੇ ਦੀ ਕਿਸੇ ਵੀ ਤਰੀਕ ਨੂੰ ਇਨਾਮ ਵੰਡ ਸਮਾਰੋਹ ਕਰਵਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪਿਛਲੇ ਸਾਲ ਦੀ ਪ੍ਰਾਪਤੀ ਲਈ ਇਨਾਮ ਦੇ ਕੇ ਪ੍ਰੇਰਿਆ ਜਾਵੇ। ਇਸ ਕਦਮ ਨਾਲ ਦੋ ਉਦੇਸ਼ ਪੂਰੇ ਹੁੰਦੇ ਹਨ ਇਕ ਤਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਹੁੰਦੀ ਹੈ ਦੂਜੇ ਮਾਪਿਆਂ ਦੇ ਨਾਲ-ਨਾਲ ਪਿੰਡ ਦੀਆਂ ਪੰਚਾਇਤਾਂ ਦਾ ਮੇਲ ਮਿਲਾਪ ਵਧਦਾ ਹੈ ਅਤੇ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਇਜ਼ਾਫ਼ਾ ਹੋਣ ਦੀਆਂ ਸੰਭਾਵਨਾਵਾਂ ਬਣਦੀਆਂ ਹਨ। ਸਾਡਾ ਸਕੂਲ ਲੜਕੀਆਂ ਦਾ ਸਕੂਲ ਹੋਣ ਕਰਕੇ ਸਾਨੂੰ ਮੁੱਖ ਮਹਿਮਾਨ ਦੀ ਚੋਣ ਕਰਨ ਵਿਚ ਬਹੁਤ ਹੀ ਸੁਚੇਤ ਰਹਿਣਾ ਪੈਂਦਾ ਹੈ। ਸਾਡੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਨੀ ਰਾਮ ਪੰਜਾਬੀ ਸਾਹਿਤ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਦੀ ਕੋਸ਼ਿਸ਼ ਸ਼ੁਰੂ ਤੋਂ ਹੀ ਰਹੀ ਹੈ ਕਿ ਮੁੱਖ ਮਹਿਮਾਨ ਸਾਹਿਤਕ ਖਿੱਤੇ ਵਿੱਚੋਂ ਹੋਵੇ। ਇਸ ਵਾਰੀ ਪੰਜਾਬੀ ਸਾਹਿਤ ਦੀ ਪ੍ਰਸਿੱਧ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਸਾਡੇ ਵਿਹੜੇ ਦੀ ਸ਼ਾਨ ਬਣਨ ਜਾ ਰਹੇ ਸਨ। ਉਨ੍ਹਾਂ ਦੀ ਮੁੱਖ ਮਹਿਮਾਨ ਦੀ ਚੋਣ ਸਾਡੇ ਕੰਨਿਆ ਸਕੂਲ ਲਈ ਝੁਕਵੀਂ ਸੀ।

ਔਰਤਾਂ ਤੇ ਕੁੜੀਆਂ ਦੇ ਹੱਕਾਂ ਦੀ ਤਰਜਮਾਨੀ ਉਨ੍ਹਾਂ ਦੀਆਂ ਨਜ਼ਮਾਂ ਤੇ ਗ਼ਜ਼ਲਾਂ ਕਰਦੀਆਂ ਰਹੀਆਂ ਹਨ। ਸਾਡਾ ਸਾਰਾ ਸਕੂਲ ਪੱਬਾਂ ਭਾਰ ਹੋ ਕੇ ਤਿਆਰੀਆਂ ਵਿਚ ਲੱਗ ਗਿਆ। ਸਕੂਲ ਦੇ ਪੰਜਾਬੀ ਲੈਕਚਰਾਰ ਡਾ. ਪਰਮਜੀਤ ਕੌਰ ਦੇ ਹੱਥ ਸੱਭਿਆਚਾਰਕ ਪ੍ਰੋਗਰਾਮ ਨੂੰ ਵਧੀਆ ਨੇਪਰੇ ਚਾੜ੍ਹਨ ਦੀ ਪੂਰੀ ਕਮਾਨ ਸੀ। ਉਨ੍ਹਾਂ ਨੂੰ ਸਹਿਯੋਗ ਮੈਡਮ ਜਸਵਿੰਦਰ ਕੌਰ ਤੇ ਜਸਵਿੰਦਰ ਕੌਰ ਦੇ ਰਹੇ ਸਨ ਜਿਨ੍ਹਾਂ ਦਾ ਪੰਜਾਬੀ ਸਾਹਿਤ ਨਾਲ ਕਾਫ਼ੀ ਲਗਾਅ ਸੀ। ਵਿਦਿਆਰਥਣਾਂ ਦੇ ਚਿਹਰਿਆਂ 'ਤੇ ਰੌਣਕ ਸੀ ਉਹ ਖ਼ੁਸ਼ੀ ਵਿਚ ਖੀਵੀਆਂ ਹੋਈਆਂ ਸਮਾਰੋਹ ਦਾ ਦਿਨ ਉਡੀਕ ਰਹੀਆਂ ਸਨ। ਸਮਾਰੋਹ ਤੋਂ ਦੋ ਦਿਨ ਪਹਿਲਾਂ ਅੱਧੀ ਛੁੱਟੀ ਤੋਂ ਬਾਅਦ ਪ੍ਰਿੰਸੀਪਲ ਨੇ ਸਾਰੇ ਅਧਿਆਪਕਾਂ ਦੀ ਮੀਟਿੰਗ ਲੈ ਕੇ ਉਨ੍ਹਾਂ ਨੂੰ ਡਿਊਟੀਆਂ ਵੰਡ ਦਿੱਤੀਆਂ। ਪੰਡਾਲ ਪੂਰੀ ਤਰ੍ਹਾਂ ਆਲੇ-ਦੁਆਲੇ ਦੇ ਪਿੰਡਾਂ ਦੀਆਂ ਪੰਚਾਇਤਾਂ, ਮਾਪਿਆਂ ਅਤੇ ਨਾਲ ਦੇ ਸਕੂਲਾਂ ਦੇ ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨਾਲ ਭਰ ਗਿਆ। ਸਟੇਜ ਦੇ ਐਨ ਸਾਹਮਣੇ ਰੱਖੇ ਸੋਫੇ 'ਤੇ ਮੁੱਖ ਮਹਿਮਾਨ ਸੁਸ਼ੋਭਿਤ ਹੋ ਗਏ। ਸਟੇਜ ਪੂਰੀ ਤਰ੍ਹਾਂ ਸੱਜੀ ਹੋਈ ਸੀ। ਸਟੇਜ ਦੀ ਵਧੀਆ ਦਿੱਖ ਬਣਾਉਣ ਵਿਚ ਮੈਡਮ ਮਮਤਾ, ਵੀਨਾ ਤੇ ਨੀਲਮ ਦਾ ਕਾਫ਼ੀ ਯੋਗਦਾਨ ਰਿਹਾ। ਬੱਚਿਆਂ ਵਿਚ ਅਨੁਸ਼ਾਸਨ ਕਾਇਮ ਰੱਖਣ ਦੀ ਪੂਰੀ ਜ਼ਿੰਮੇਵਾਰੀ ਲੈਕਚਰਾਰ ਹਰਪ੍ਰੀਤ ਕੌਰ ਅਤੇ ਸਤਵੀਰ ਸਿੰਘ ਨੇ ਨਿਭਾਈ। ਪੰਡਾਲ ਵਿਚ ਵੱਖ-ਵੱਖ ਚਾਰਟਾਂ 'ਤੇ ਮੁੱਖ ਮਹਿਮਾਨ ਦੀਆਂ ਨਜ਼ਮਾਂ ਦੀਆਂ ਸਤਰਾਂ ਸਮਾਰੋਹ ਦੀ ਰੌਣਕ ਵਧਾ ਰਹੀਆਂ ਸਨ ਜਿਨ੍ਹਾਂ ਨੂੰ ਮੈਡਮ ਗੀਤਾਂਜਲੀ ਅਤੇ ਰਾਜਵਿੰਦਰ ਨੇ ਬੜੀ ਮਿਹਨਤ ਨਾਲ ਤਿਆਰ ਕਰਵਾਇਆ ਸੀ। ਸਟੇਜ ਦਾ ਮੰਚ ਸੰਚਾਲਨ ਡਾ. ਪਰਮਜੀਤ ਕ

ਸੰਪਾਦਕੀ

ਵੱਖ-ਵੱਖ ਸਿਆਸੀ ਪਾਰਟੀਆਂ ਵੋਟਰਾਂ 'ਤੇ ਵਾਅਦਿਆਂ ਦੀ ਝੜੀ

ਦੇਸ਼ ਵਿਚ ਜਿਥੇ ਕਿਤੇ ਵੀ ਚੋਣਾਂ ਆਉਂਦੀਆਂ ਹਨ ਤਾਂ ਵੱਖ-ਵੱਖ ਸਿਆਸੀ ਪਾਰਟੀਆਂ ਵੋਟਰਾਂ 'ਤੇ ਵਾਅਦਿਆਂ ਦੀ ਝੜੀ ਲਗਾ ਦਿੰਦੀਆਂ ਹਨ। ਸਿਆਸਤਦਾਨਾਂ ਨੂੰ ਆਮ ਆਦਮੀ ਅਤੇ ਉਨ੍ਹਾਂ ਦੇ ਦੁੱਖ ਦਰਦਾਂ ਦਾ ਇੱਕਦਮ ਚੇਤਾ ਆ ਜਾਂਦਾ ਹੈ। ਜਿਨ੍ਹਾਂ ਗ਼ਰੀਬ ਗੁਰਬਿਆਂ, ਬੇਰੁਜ਼ਗਾਰ ਨੌਜਵਾਨਾਂ, ਘੱਟਗਿਣਤੀਆਂ, ਝੁੱਗੀ ਝੋਂਪੜੀ ਵਾਲਿਆਂ ਅਤੇ ਕਬਾਇਲੀਆਂ ਨੂੰ ਪੰਜ ਸਾਲਾਂ ਦੇ ਜ਼ਿਆਦਾਤਰ ਅਰਸੇ ਤੱਕ ਦਰਕਿਨਾਰ ਕਰ ਕੇ ਰੱਖਿਆ ਜਾਂਦਾ ਹੈ ਤਾਂ ਉਹ ਇੱਕਦਮ ਫੌਰੀ ਅਤੇ ਗਹਿ-ਗੱਡਵੇਂ ਬਹਿਸ ਮੁਬਾਹਸਿਆਂ ਦਾ ਮਰਕਜ਼ ਬਣ ਜਾਂਦੇ ਹਨ। ਇਹ ਮਹਾਂ ਤਮਾਸ਼ਾ ਹੁੰਦਾ ਹੈ, ਵਾਅਦਿਆਂ ਦਾ ਓਪੇਰਾ ਜਿੱਥੇ ਮੁਫ਼ਤ ਬਿਜਲੀ, ਅਨਾਜ ਤੇ ਟੀਵੀ, ਸਾਈਕਲ ਤੇ ਲੈਪਟਾਪ ਜਿਹੇ ਮਾਲ ਅਸਬਾਬ ਦੇ ਨਾਲੋ-ਨਾਲ ਨਕਦਨਾਵਾਂ, ਸਭ ਕੁਝ ਸਿਆਸੀ ਪ੍ਰਵਚਨ ਦਾ ਵਾਹਕ ਬਣ ਜਾਂਦਾ ਹੈ। ਹਾਲੀਆ ਅਰਸੇ ਦੌਰਾਨ ਨਵਾਂ ਸ਼ਬਦ 'ਰਿਓੜੀ ਕਲਚਰ' ਸਾਡੇ ਸਿਆਸੀ ਸ਼ਬਦਕੋਸ਼ ਦਾ ਹਿੱਸਾ ਬਣ ਗਿਆ ਹੈ। ਪ੍ਰਧਾਨ ਮੰਤਰੀ ਵੱਲੋਂ ਇਸ ਤਥਾਕਥਿਤ 'ਰਿਓੜੀ ਕਲਚਰ' ਦੀ ਨਿੰਦਾ ਕਰਨ ਤੋਂ ਨਵੀਂ ਬਹਿਸ ਸ਼ੁਰੂ ਹੋ ਗਈ ਜਿਸ ਵਿੱਚ ਕਲਿਆਣਕਾਰੀ ਉਪਰਾਲਿਆਂ ਦੀ ਵਾਜਬੀਅਤ ਉੱਪਰ ਕਿੰਤੂ ਕੀਤਾ ਜਾਂਦਾ ਹੈ ਕਿ ਕੀ ਇਹ ਹੰਢਣਸਾਰ ਉਪਰਾਲੇ ਹਨ ਜਾਂ ਇਹ ਵਿੱਤੀ ਗ਼ੈਰ-ਜ਼ਿੰਮੇਵਾਰੀ ਦੀ ਲਬਾਦਾ ਮਾਤਰ ਹਨ ? ਹੁਣ ਸੁਪਰੀਮ ਕੋਰਟ ਵੀ ਇਸ ਦੀ ਨਿਰਖ-ਪਰਖ ਕਰਨ ਲੱਗ ਪਈ ਹੈ ਤੇ ਇਸ ਨੇ ਇਹ ਸਰੋਕਾਰ ਜਤਾਇਆ ਹੈ ਕਿ ਬਹੁਤ ਜ਼ਿਆਦਾ ਖ਼ੈਰਾਤਾਂ ਵੰਡਣ ਨਾਲ ਨਿਰਭਰਤਾ ਵਧਦੀ ਹੈ। ਹਾਲ ਹੀ ਵਿੱਚ ਇਸ ਦੇ ਇੱਕ ਬੈਂਚ ਨੇ ਟਿੱਪਣੀ ਕੀਤੀ ਹੈ ਕਿ ਮੁਫ਼ਤ ਅਨਾਜ ਵੰਡਣ ਨਾਲ ਲੋਕ ਕੰਮਚੋਰ ਬਣ ਰਹੇ ਹਨ ਤੇ ਉਸ ਨੇ ਇਹ ਪ੍ਰਭਾਵ ਸਿਰਜਿਆ ਹੈ ਕਿ ਇਸ ਕਿਸਮ ਦੀਆਂ ਨੀਤੀਆਂ ਨਾਲ ਪਰਜੀਵੀਆਂ ਦੀ ਜਮਾਤ ਪੈਦਾ ਹੋ ਸਕਦੀ ਹੈ। ਕੁਝ ਦਿਨ ਪਹਿਲਾਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਹਨ ਜਿਨ੍ਹਾਂ ਵਿੱਚ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਦਰਮਿਆਨ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਸਫ਼ਰ, ਮੈਡੀਕਲ ਸਹੂਲਤ, ਸਿੱਖਿਆ ਤੋਂ ਇਲਾਵਾ ਔਰਤਾਂ ਅਤੇ ਨੌਜਵਾਨਾਂ ਨੂੰ ਮਾਸਿਕ ਨਕਦ ਸਹਾਇਤਾ ਦੇ ਰੂਪ ਵਿੱਚ 'ਰਿਓੜੀਆਂ' ਵੰਡਣ ਦੀ ਹੋੜ ਲੱਗੀ ਹੋਈ ਸੀ। ਕੋਈ ਹੈਰਤ ਦੀ ਗੱਲ ਨਹੀਂ ਕਿ ਸੁਪਰੀਮ ਕੋਰਟ ਨੇ ਸਖ਼ਤ ਸ਼ਬਦਾਂ ਦਾ ਇਸਤੇਮਾਲ ਕਰਦੇ ਹੋਏ ਇਸ 'ਤੇ ਪ੍ਰਤੀਕਿਰਿਆ ਕੀਤੀ ਹੈ ਜਿਸ ਉੱਪਰ ਸੋਚ ਵਿਚਾਰ ਕਰਨੀ ਬਣਦੀ ਹੈ। ਇਸ ਬਹਿਸ ਦੀ ਘੁੰਡੀ ਕਿਤੇ ਵੱਧ ਅਹਿਮ ਹੈ: ਕੀ ਇਹ ਖ਼ੈਰਾਤਾਂ ਗ਼ਰੀਬਾਂ ਦੀ ਭਲਾਈ ਲਈ ਜ਼ਰੂਰੀ ਹਨ ਜਾਂ ਇਹ ਸਿਆਸੀ ਪਾਰਟੀਆਂ ਦੇ ਚੁਣਾਵੀ ਲਾਹੇ ਦੀ ਲੋੜ ਦੀ ਉਪਜ ਹਨ ? ਇੱਕ ਹੋਰ ਮੁੱਦਾ ਵੀ ਹੈ: ਜੇ ਗ਼ਰੀਬਾਂ ਲਈ ਕੋਈ ਵਾਅਦਾ ਕੀਤਾ ਜਾਂਦਾ ਹੈ ਤਾਂ ਇਹ ਖ਼ੈਰਾਤ ਹੈ; ਜੇ ਇਹ ਅਮੀਰਾਂ ਲਈ ਹੈ ਤਾਂ ਇਹ ਪ੍ਰੇਰਕ ਹੈ। ਇਸ ਸਮੁੱਚੀ ਬਹਿਸ 'ਚੋਂ ਅਰਥਚਾਰੇ ਦੀ ਚਰਚਾ ਕਿਤੇ ਪਿਛਾਂਹ ਰਹਿ ਜਾਂਦੀ ਹੈ।

ਭਾਰਤ ਵਿੱਚ ਰਿਆਇਤਾਂ/ਖ਼ੈਰਾਤਾਂ ਦੇ ਦੋ ਵੱਡੇ ਵਰਗ ਹਨ: ਇੱਕ ਉਹ ਜੋ ਚੋਣਾਂ ਦੇ ਐਲਾਨ ਤੋਂ ਪਹਿਲਾਂ ਦਿੱਤੀਆਂ ਜਾਂਦੀਆਂ; ਦੂਜੀਆਂ ਉਹ ਜਿਨ੍ਹਾਂ ਬਾਰੇ ਵਾਅਦੇ ਕੀਤੇ ਜਾਂਦੇ ਹਨ ਜਦੋਂ ਚੋਣ ਜ਼ਾਬਤਾ ਲਾਗੂ ਹੁੰਦਾ ਹੈ। ਪਹਿਲੇ ਵਰਗ ਵਾਲੀਆਂ ਖ਼ੈਰਾਤਾਂ ਸੱਤਾਧਾਰੀ ਪਾਰਟੀ ਦੇ ਨੀਤੀਗਤ ਫ਼ੈਸਲੇ ਹੁੰਦੇ ਹਨ; ਜਿਵੇਂ ਸਬਸਿਡੀਆਂ, ਕੀਮਤਾਂ ਵਿੱਚ ਕਟੌਤੀ, ਨਵੀਆਂ ਕਲਿਆਣਕਾਰੀ ਸਕੀਮਾਂ ਜੋ ਕਿਸੇ ਖ਼ਾਸ ਪਾਰਟੀ ਦੇ ਫ਼ਾਇਦੇ ਲਈ ਚੋਣ ਜ਼ਾਬਤੇ ਤੋਂ ਪਹਿਲਾਂ ਆਰਾਮ ਨਾਲ ਲਾਗੂ ਕਰਵਾ ਦਿੱਤੀਆਂ ਜਾਂਦੀਆਂ ਹਨ। ਦੂਜੀ ਤਰ੍ਹਾਂ ਦੀਆਂ ਰਿਆਇਤਾਂ ਪਾਰਟੀ ਚੋਣ ਮਨੋਰਥ ਪੱਤਰਾਂ ਦੇ ਰੂਪ ਵਿੱਚ ਸਾਹਮਣੇ ਲਿਆਈਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਵਿੱਤੀ ਸਿੱਟਿਆਂ ਦੀ ਪ੍ਰਵਾਹ ਕੀਤੇ ਬਿਨਾਂ ਵੱਡੇ-ਵੱਡੇ ਵਾਅਦੇ ਸ਼ਾਮਿਲ ਹੁੰਦੇ ਹਨ। ਮੁਫ਼ਤ ਅਨਾਜ, ਟਰਾਂਸਪੋਰਟ, ਨਕਦ ਸਹਾਇਤਾ ਜਿਹਾ ਭਾਵੇਂ ਕੋਈ ਵੀ ਵਾਅਦਾ ਹੋਵੇ, ਚੋਣ ਕਮਿਸ਼ਨ ਚੋਣ ਮਨੋਰਥ ਪੱਤਰਾਂ ਦੀ ਪੁਣ-ਛਾਣ ਨਹੀਂ ਕਰਦਾ। 2013 ਵਿੱਚ ਸੁਪਰੀਮ ਕੋਰਟ ਨੇ ਫ਼ੈਸਲਾ ਕੀਤਾ ਸੀ ਕਿ ਅਜਿਹੇ ਵਾਅਦੇ ਲੋਕ ਪ੍ਰਤੀਨਿਧਤਾ ਕਾਨੂੰਨ ਅਧੀਨ 'ਭ੍ਰਿਸ਼ਟ ਕਾਰਵਾਈ' ਨਹੀਂ ਗਿਣੇ ਜਾ ਸਕਦੇ ਹਾਲਾਂਕਿ ਇਨ੍ਹਾਂ ਨਾਲ ਯਕੀਨਨ ਸੁਤੰਤਰ ਅਤੇ ਸਾਫ਼ ਸੁਥਰੀਆਂ ਚੋਣਾਂ ਦੀਆਂ ਜੜ੍ਹਾਂ ਹਿੱਲ ਜਾਂਦੀਆਂ ਹਨ। ਅਦਾਲਤ ਨੇ ਭਾਰਤ ਦੇ ਚੋਣ ਕਮਿਸ਼ਨ ਨੂੰ ਸਿਆਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰ ਕੇ ਸੇਧਾਂ ਘੜਨ ਦੇ ਨਿਰਦੇਸ਼ ਦਿੱਤੇ ਸਨ। ਦਰਅਸਲ, ਇਹ ਸੇਧਾਂ 2013 ਵਿੱਚ ਜਾਰੀ ਕੀਤੀਆਂ ਸਨ ਤਾਂ ਜੋ ਜ਼ਿੰਮੇਵਾਰ ਚੋਣ ਪ੍ਰਚਾਰ ਨੂੰ ਹੱਲਾਸ਼ੇਰੀ ਦਿੱਤੀ ਜਾ ਸਕੇ ਅਤੇ ਯਕੀਨੀ ਬਣਾਇਆ ਜਾ ਸਕੇ ਕਿ ਚੋਣ ਮਨੋਰਥ ਪੱਤਰਾਂ ਵਿੱਚ ਸ਼ਾਮਿਲ ਵਾਅਦੇ ਹਕੀਕੀ ਹੋਣ ਅਤੇ ਇਹ ਵੋਟਰਾਂ ਨੂੰ ਬੇਲੋੜਾ ਪ੍ਰਭਾਵਿਤ ਕਰਨ ਦਾ ਹਰਬਾ ਨਾ ਹੋਣ। ਹੁਣ ਲੱਖਾਂ ਕਰੋੜਾਂ ਰੁਪਏ ਦਾ ਨਕਦਨਾਵਾਂ ਵੰਡਿਆ ਜਾਂਦਾ ਹੈ ਜੋ ਸਭ ਸੇਧਾਂ ਦੀ ਖੁੱਲ੍ਹੀ ਖ਼ਿਲਾਫ਼ਵਰਜ਼ੀ ਹੈ। ਜੇ ਇਸ ਨੂੰ ਵੋਟਰਾਂ ਨੂੰ ਦਿੱਤੀ ਜਾਣ ਵਾਲੀ ਰਿਸ਼ਵਤ ਨਾ ਆਖਿਆ ਜਾਵੇ ਤਾਂ ਫਿਰ ਇਹ ਹੋਰ ਕੀ ਹੈ ? ਤੇ ਵੋਟਰਾਂ ਨੂੰ ਵੰਡਿਆ ਜਾਣ ਵਾਲਾ ਇਹ ਪੈਸਾ ਆਖ਼ਿਰ ਆਉਂਦਾ ਕਿੱਥੋਂ ਹੈ ? ਜ਼ਾਹਿਰ ਹੈ ਕਿ ਘੁੰਮ ਫਿਰ ਕੇ ਸਾਡੀ ਤੁਹਾਡੀ ਜੇਬ ਵਿੱਚੋਂ। ਸਿਆਸਤਦਾਨ ਸਾਡੀਆਂ ਹੀ ਜੇਬਾਂ ਕੱਟ ਕੇ ਮਜ਼ੇ ਨਾਲ ਚੋਣਾਂ ਜਿੱਤ ਰਹੇ ਹਨ। 2019 'ਚ ਸਰਕਾਰ ਨੇ ਘਰੋਗੀ ਨਿਰਮਾਣਕਾਰਾਂ ਲਈ ਕਾਰਪੋਰੇਟ ਟੈਕਸ 30% ਤੋਂ ਘਟਾ ਕੇ 22% ਕਰ ਦਿੱਤਾ ਸੀ ਅਤੇ ਨਵੀਆਂ ਨਿਰਮਾਣ ਕੰਪਨੀਆਂ ਲਈ 22% ਤੋਂ ਘਟਾ ਕੇ 15 ਫ਼ੀਸਦੀ। ਕੈਬਿਨਟ ਦੀ ਨਿਰਖ-ਪਰਖ ਨੂੰ ਬਾਈਪਾਸ ਕਰਨ ਵਾਲੇ ਵਿਸ਼ੇਸ਼ ਪ੍ਰਬੰਧਾਂ ਦਾ ਇਸਤੇਮਾਲ ਕਰਦਿਆਂ ਇਹ ਫ਼ੈਸਲਾ 36 ਘੰਟਿਆਂ ਵਿੱਚ ਲਾਗੂ ਕਰ ਦਿੱਤਾ ਗਿਆ। ਇਸ ਇੱਕੋ ਫ਼ੈਸਲੇ ਨਾਲ ਸਰਕਾਰੀ ਖਜ਼ਾਨੇ ਨੂੰ ਮਾਲੀਏ ਦੇ ਰੂਪ ਵਿੱਚ 1.5 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਜਿਸ ਕਰ ਕੇ ਸਰਕਾਰ ਦਾ ਵਿੱਤੀ ਘਾਟਾ ਬਹੁਤ ਵਧ ਗਿਆ। ਔਕਸਫੈਮ ਦੀ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਕੋਵਿਡ-19 ਦੀ ਮਹਾਮਾਰੀ ਦੇ ਕਾਲ ਦੌਰਾਨ ਭਾਰਤ ਵਿੱਚ ਜਿੱਥੇ ਇੱਕ ਪਾਸੇ ਗ਼ਰੀਬੀ ਛਲਾਂਗ ਮਾਰ ਕੇ ਵਧੀ ਅਤੇ ਬੇਰੁਜ਼ਗਾਰੀ 15% ਦੀ ਸਿਖ਼ਰ 'ਤੇ ਪਹੁੰਚ ਗਈ ਸੀ ਤਾਂ ਦੂਜੇ ਪਾਸੇ ਭਾਰਤੀ ਅਰਬਪਤੀਆਂ ਦੀ ਗਿਣਤੀ ਵਿੱਚ 39% ਇਜ਼ਾਫ਼ਾ ਹੋਇਆ ਸੀ। ਇਹ ਲਗਾਤਾਰ ਵਿਰੋਧਾਭਾਸ ਹੈ। ਜਦੋਂ ਸਰਕਾਰ ਅਰਬਪਤੀਆਂ ਨੂੰ ਟੈਕਸ ਛੋਟਾਂ ਦੇ ਗੱਫੇ ਦਿੰਦੀ ਹੈ ਤਾਂ ਇਸ ਨੂੰ ਆਰਥਿਕ ਸੁਧਾਰ ਕਿਹਾ ਜਾਂਦਾ ਹੈ; ਜਦੋਂ ਗ਼ਰੀਬਾਂ ਨੂੰ ਕੋਈ ਰਾਹਤ ਦੇਣ ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਵਿੱਤੀ ਨਾਸਮਝੀ ਦਾ ਲਕਬ ਦੇ ਦਿੱਤਾ ਜਾਂਦਾ ਹੈ। ਮੁਫ਼ਤ ਰਿਆਇਤਾਂ ਬਾਰੇ ਸੁਪਰੀਮ ਕੋਰਟ ਦੀਆਂ ਹਾਲੀਆਂ ਟਿੱਪਣੀਆਂ ਨੇ ਇਸ ਬਹਿਸ ਦਾ ਗੰਭੀਰ ਪਹਿਲੂ ਖੋਲ੍ਹ ਦਿੱਤਾ ਹੈ। ਇਸ ਮੁਤੱਲਕ ਇੱਕ ਸਰੋਕਾਰ ਇਹ ਹੈ, ਖ਼ਾਸਕਰ ਦਿਹਾਤੀ ਭਾਰਤ ਵਿੱਚ, ਕਿ ਕੀ ਮੁਫ਼ਤ ਰਾਸ਼ਨ ਅਤੇ ਲੋਕ ਭਲਾਈ ਸਕੀਮਾਂ ਕਰ ਕੇ ਲੋਕ ਕੰਮ ਕਰਨ ਤੋਂ ਕੰਨੀ ਕਤਰਾ ਰਹੇ ਹਨ ? ਜਸਟਿਸ ਬੀਆਰ ਗਵੱਈ ਨੇ ਇਹ ਗੱਲ ਨੋਟ ਕੀਤੀ ਕਿ ਮਹਾਰਾਸ਼ਟਰ ਵਿੱਚ ਕਿਸਾਨਾਂ ਨੂੰ ਮਜ਼ਦੂਰ ਲੱਭਣ ਵਿਚ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਮਜ਼ਦੂਰ ਦਿਹਾੜੀ ਜਾਣ ਦੀ ਬਜਾਇ ਮੁਫ਼ਤ ਅਨਾਜ ਲੈਣ ਨੂੰ ਤਰਜੀਹ ਦਿੰਦੇ ਹਨ। ਪੰਜਾਬ ਵਿੱਚ ਇਹ ਵਰਤਾਰਾ ਕਈ ਸਾਲਾਂ ਤੋਂ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਵੱਖ-ਵੱਖ ਰੂਪਾਂ ਵਿੱਚ ਮਗਨਰੇਗਾ ਲਾਗੂ ਕੀਤੀ ਸੀ। ਇਸ ਨਾਲ ਉਸ ਵਡੇਰੇ ਤਰਕ ਨੂੰ ਬਲ ਮਿਲਦਾ ਹੈ ਕਿ ਕਲਿਆਣਕਾਰੀ ਸਕੀਮਾਂ ਨੂੰ ਇਸ ਢੰਗ ਨਾਲ ਵਿਉਂਤਿਆ ਜਾਣਾ ਚਾਹੀਦਾ ਹੈ ਕਿ ਇਸ ਨਾਲ ਲੋਕ ਤਾਕਤਵਰ ਹੋਣ ਨਾ ਕਿ ਸਥਾਈ ਤੌਰ 'ਤੇ ਮੁਥਾਜ ਬਣ ਕੇ ਰਹਿ ਜਾਣ। ਮੁਥਾਜੀ ਦੀ ਅਸਲ ਜੜ੍ਹ ਕਲਿਆਣਕਾਰੀ ਸਕੀਮਾਂ ਨਹੀਂ ਸਗੋਂ ਸਸਤੀਆਂ ਸਿਹਤ ਸੰਭਾਲ, ਮਿਆਰੀ ਸਿੱਖਿਆ ਅਤੇ ਸਥਿਰ ਰੁਜ਼ਗਾਰ ਅਵਸਰਾਂ ਦੀ ਘਾਟ ਹੈ। ਜੇ ਲੋਕਾਂ ਕੋਲ ਸੁਰੱਖਿਅਤ ਤੇ ਚੰਗੀਆਂ ਉਜਰਤਾਂ ਵਾਲੀਆਂ ਨੌਕਰੀਆਂ ਹੋਣ ਤਾਂ ਉਹ ਖ਼ੈਰਾਤ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਮੁਫ਼ਤ ਰਾਸ਼ਨ ਲਈ ਹੱਥ ਨਹੀਂ ਅੱਡਣਗੇ। ਸਵਾਲ ਹੈ: ਜਦੋਂ ਸਾਰੀਆਂ ਪਾਰਟੀਆਂ ਇੱਕੋ ਤਰ੍ਹਾਂ ਦੇ ਵਾਅਦੇ ਪਰੋਸ ਰਹੀਆਂ ਹੋਣ ਤਾਂ ਕੀ ਗ਼ਰੀਬ ਲੋਕ ਮੁਫ਼ਤ ਰਿਆਇਤਾਂ/ਖ਼ੈਰਾਤਾਂ ਦੇ ਭੁਲਾਵੇ ਵਿੱਚ ਆ ਜਾਂਦੇ ਹਨ ? ਅਸੀਂ ਮੁਫ਼ਤ ਰਿਆਇਤਾਂ/ਕਲਿਆਣਕਾਰੀ ਸਕੀਮਾਂ ਦੇ ਕਈ ਲਾਭ ਦੇਖੇ ਹਨ। ਜਦੋਂ ਆਂਧਰਾ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਐਨਟੀ ਰਾਮਾਰਾਓ ਨੇ ਇੱਕ ਰੁਪਏ ਕਿਲੋ ਚੌਲਾਂ ਦੀ ਸਕੀਮ ਸ਼ੁਰੂ ਕੀਤੀ ਸੀ ਤਾਂ ਉਸ ਦਾ ਮਜ਼ਾਕ ਉਡਾਇਆ ਗਿਆ ਸੀ ਪਰ ਇਸ ਦਾ ਸਿੱਟਾ ਸੀ ਕਿ ਉੱਥੇ ਭੁੱਖਮਰੀ ਨਾਲ ਹੋਣ ਵਾਲੀਆਂ ਮੌਤਾਂ ਬੀਤੇ ਦੀ ਗੱਲ ਬਣ ਕੇ ਰਹਿ ਗਈਆਂ ਸਨ। ਬਿਹਾਰ ਵਿੱਚ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਸਕੂਲ ਜਾਣ ਵਾਲੀਆਂ ਲੜਕੀਆਂ ਲਈ ਮੁਫ਼ਤ ਸਾਈਕਲ ਦੇਣ ਦੀ ਯੋਜਨਾ ਸਦਕਾ ਕੁੜੀਆਂ ਦੇ ਦਾਖ਼ਲਿਆਂ ਅਤੇ ਪੜ੍ਹਾਈ ਦੀ ਦਰ ਵਿੱਚ ਇਜ਼ਾਫ਼ਾ ਹੋਇਆ ਸੀ। ਰੁਜ਼ਗਾਰ ਗਾਰੰਟੀ ਯੋਜਨਾ ਨੇ ਲੱਖਾਂ ਲੋਕਾਂ ਨੂੰ ਸੁਰੱਖਿਆ ਨੈੱਟ ਮੁਹੱਈਆ ਕਰਵਾਇਆ ਹੈ ਭਾਵੇਂ ਇਸ ਕਰ ਕੇ ਸ਼ਹਿਰੀ ਕੁਲੀਨਾਂ ਲਈ ਸਸਤੀ ਘਰੋਗੀ ਲੇਬਰ ਵਿੱਚ ਕਮੀ ਹੀ ਕਿਉਂ ਨਾ ਆਈ ਹੋਵੇ।

ਸ਼ਾਹਪੁਰ ਬੇਲਾ ਦੇ ਗੁਰਦੁਆਰਾ ਸ਼ਹੀਦ ਸਿੰਘ ਵਿਖੇ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ

ਕੀਰਤਪੁਰ ਸਾਹਿਬ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਾਹਪੁਰ ਬੇਲਾ ਦੇ ਗੁਰਦੁਆਰਾ ਸ਼ਹੀਦ ਸਿੰਘ ਵਿਖੇ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਿਸ ਵਿੱਚ ਕੈਬਿਨੇਟ ਮੰਤਰੀ ਸ. ਹਰਜੋਤ ਸਿੰਘ ਬੈਂਸ, ਕਮਿੱਕਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ, ਮਨੀਸ਼ ਬਾਵਾ ਪ੍ਰਧਾਨ ਜ਼ਿਲ੍ਹਾ ਟਰਾਂਸਪੋਰਟ ਵਿੰਗ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਸਮੇਤ ਹਾਜ਼ਰੀ ਲਗਾਈ ਇਸ ਮੌਕੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਨੰਦਪੁਰ ਸਾਹਿਬ ਦਾ ਐਮ.ਐਲ. ਏ ਹੋਣਾ ਹੀ ਸਭ ਤੋਂ ਉੱਚੀ ਪਦਵੀ ਹੈ ਤੇ ਮਾਣ ਵਾਲੀ ਗੱਲ ਹੈ

ਅਸੀਂ ਬਦਲੇ ਦੀ ਰਾਜਨੀਤੀ ਨਹੀਂ ਕਰਦੇ ਤੇ ਪਾਰਟੀਬਾਜੀ ਦੇ ਉੱਪਰ ਉੱਠ ਕੇ ਸਭ ਦਾ ਵਿਕਾਸ ਕੀਤਾ ਹੈ ਤੇ ਕਰਦੇ ਰਹਾਂਗੇ ਮੈਂ ਸਭ ਦਾ ਮੰਤਰੀ ਹਾਂ ਤੇ ਸਾਰੇ ਪੰਜਾਬ ਵਾਸੀ ਮੇਰੇ ਹਨ ਜੇਕਰ ਕਿਸੇ ਨੂੰ ਵੀ ਕੋਈ ਕੰਮ ਪੈਂਦਾ ਹੈ ਤਾਂ ਤੁਹਾਡੀ ਸੇਵਾ ਵਿੱਚ ਹਰ ਸਮੇਂ ਹਾਜ਼ਰ ਹੈ ਤੇ ਹਰ ਕਿਸੇ ਲਈ ਦਰਵਾਜੇ ਖੁੱਲੇ ਹਨ ਤੁਹਾਡਾ ਆਪਣਾ ਘਰ ਹੈ ਮੰਤਰੀ ਵੱਲੋਂ ਪਿੰਡ ਵਿੱਚ ਬਣ ਰਹੇ ਪੁੱਲ ਨੂੰ ਗਰਾਂਟ ਦੇਣ ਦਾ ਵਾਅਦਾ ਵੀ ਕੀਤਾ ਉਹਨਾਂ ਕਿਹਾ ਕਿ ਮੈਂ ਭਾਗਾਂ ਵਾਲਾ ਹਾਂ ਕਿ ਮੈਨੂੰ ਇਸ ਧਰਤੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਇਸ ਮੌਕੇ ਉਹਨਾਂ ਦੇ ਨਾਲ ਕਮਿਕਰ ਸਿੰਘ ਢਾਡੀ ਚੇਅਰਮੈਨ, ਕੇਸਰ ਸਿੰਘ ਪ੍ਰਧਾਨ ਮਨੀਸ਼ ਬਾਵਾ ਤਰਲੋਚਨ ਸਿੰਘ ਪ੍ਰਧਾਨ ਟਰੱਕ ਯੂਨੀਅਨ ,ਗੁਰਪ੍ਰੀਤ ਅਰੋੜਾ ,ਸੋਨੂ ਚੌਧਰੀ ,ਗਫੂਰ ਮੁਹੰਮਦ ਜਰਨਲ ਸਕੱਤਰ ,ਕੁਲਵਿੰਦਰ ਕੌਸ਼ਲ, ਗੁਰਮੀਤ ਸਿੰਘ ਸਾਬਕਾ ਸਰਪੰਚ, ਸਰਬਜੀਤ ਭਟੋਲੀ ,ਜਤਿੰਦਰ ਜੋਸ਼ੀ, ਕੁਲਵੰਤ ਸਿੰਘ, ਮਨੀਸ਼ ਬਾਵਾ, ਬਲਾਕ ਪ੍ਰਧਾਨ ਪ੍ਰਕਾਸ਼ ਕੌਰ ਮਹਿਲਾ ਵਿੰਗ, ਕਿਰਨ ਕੁਮਾਰ ਸੋਨੀਆ, ਰਾਧੇ ਸ਼ਾਮ ਮਾਨ ਸਿੰਘ ,ਭੁਪਿੰਦਰ ਸਿੰਘ ਰਜਿੰਦਰ ਸੈਣੀ, ਗਗਨ ਭਾਰਜ, ਜਰਨੈਲ ਸਿੰਘ ਆਦਿ ਹਾਜ਼ਰ ਸਨ।

ਬੀਬੀ ਰਣਜੀਤ ਕੌਰ ਪਦਮ ਸ਼੍ਰੀ ਪੁਰਸਕਾਰ ਦੀ ਹੱਕਦਾਰ : ਪ੍ਰੋ. ਗੁਰਭਜਨ ਸਿੰਘ ਗਿੱਲ

ਲੁਧਿਆਣਾ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਧੀ ਸਦੀ ਤੋਂ ਵੱਧ ਸਮਾਂ ਪੰਜਾਬੀ ਲੋਕ ਸੰਗੀਤ ਨੂੰ ਸਮਰਪਿਤ ਲੋਕ ਗੀਤਾਂ ਤੇ ਲੋਕ ਸੰਗੀਤ ਨੂੰ ਸਮਰਪਿਤ ਯੁੱਗ ਗਾਇਕਾ ਬੀਬੀ ਰਣਜੀਤ ਕੌਰ ਨੂੰ ਅੱਜ ਮਾਲਵਾ ਸੱਭਿਆਚਾਰਕ ਮੰਚ ਵੱਲੋਂ ਉਨ੍ਹਾਂ ਦੇ ਇੰਦਰਾ ਨਗਰ ਸਥਿਤ ਘਰ ਪਹੁੰਚ ਤੇ ਨਰਿੰਦਰ ਬੀਬਾ ਯਾਦਗਾਰੀ ਲੋਕ ਸੰਗੀਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਪੁਰਸਕਾਰ ਦੇਣ ਦੀ ਰਸਮ ਮਾਲਵਾ ਸੱਭਿਆਚਾਰਕ ਮੰਚ ਦੇ ਚੇਅਰਮੈਨ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ, ਪ੍ਰਧਾਨ ਜਸਬੀਰ ਸਿੰਘ ਰਾਣਾ ਝਾਂਡੇ, ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ, ਸ. ਪਰਗਟ ਸਿੰਘ ਗਰੇਵਾਲ, ਸਰਪ੍ਰਸਤ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਸੀਨੀਅਰ ਕਾਂਗਰਸੀ ਆਗੂ ਸ. ਗੁਰਦੇਵ ਸਿ

ਸੂਬੇ ਵਿਚ ਬਣੇਗੀ ਨਗਰ ਨਿਗਮ ਵਜੋ ਤੀਜੀ ਸਰਕਾਰ, ਘਰ-ਘਰ ਤੱਕ ਪਹੁੰਚੇਗਾ ਯੋਜਨਾਵਾਂ ਦਾ ਲਾਭ : ਮੁੱਖ ਮੰਤਰੀ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੇਣੀ ਨੇ ਕਿਹਾ ਕਿ ਘਰ-ਘਰ ਤੱਕ ਸਰਕਾਰ ਦੀ ਯੋਜਨਾਵਾਂ ਦਾ ਲਾਭ ਪਹੁੰਚਾਉਣ ਲਈ ਹੁਣ ਸੂਬੇ ਵਿਚ ਨਗਰ ਨਿਗਮ ਵਜੋ ਤੀਜੀ ਸਰਕਾਰ ਬਣੇਗੀ। ਸੂਬੇ ਵਿਚ ਕੇਂਦਰ, ਰਾਜ ਅਤੇ ਹੁਣ ਸ਼ਹਿਰ ਦੀ ਸਰਕਾਰ ਮਿਲ ਕੇ ਤੇਜੀ ਨਾਲ ਵਿਕਾਸ ਕੰਮਾਂ ਨੂੰ ਪੂਰਾ ਕਰੇਗੀ। ਨਗਰ ਨਿਗਮਾਂ ਦੇ ਚੋਣਾ ਵਿਚ ਭਾਜਪਾ ਦੇ ਮੇਅਰ, ਚੇਅਰਮੈਨ ਅਤੇ ਪਾਰਸ਼ਦ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰਣਗੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਕੁਰੂਕਸ਼ੇਤਰ ਦੇ ਥਾਨੇਸਰ ਵਿਚ ਕਾਰਜਕਰਤਾਵਾਂ ਨਾਲ ਗਲਬਾਤ ਕਰ ਰਹੇ ਸਨ।

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਦੇਸ਼ ਦੀ ਜਨਤਾ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਜਨਭਲਾਈਕਾਰੀ ਨੀਤੀਆਂ 'ਤੇ ਲਗਾਤਾਰ ਭਰੋਸਾ ਜਤਾ ਰਹੀ ਹੈ।

ਹਰਿਆਣਾ ਵਿਧਾਨਸਭਾ ਚੋਣਾਂ ਵਿਚ ਵੀ ਸੂਬੇ ਦੀ ਜਨਤਾ ਨੇ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਜਨ ਸੇਵਾ ਦੀ ਜਿਮੇਵਾਰੀ ਸੌਂਪੀ ਹੈ ਅਤੇ ਦਿੱਲੀ ਵਿਚ ਹੋਏ ਚੋਣਾਂ ਵਿਚ ਵੀ ਭਾਰਤੀ ਜਨਤਾ ਪਾਰਟੀ ਨੇ ਭਾਰਤੀ ਬਹੁਮਤ ਨਾਲ ਆਪਣੀ ਜਿੱਤ ਦਰਜ ਕੀਤੀ ਹੈ। ਹਰਿਆਣਾ ਨਿਗਮ ਚੋਣਾਂ ਵਿਚ ਵੀ ਭਾਜਪਾ ਆਪਣੀ ਜਿੱਤ ਦਾ ਪਰਚਮ ਲਹਿਰਾਏਗੀ। ਭਾਜਪਾ ਚੋਣ ਨੂੰ ਲੈ ਕੇ ਹਮੇਸ਼ਾ ਗੰਭੀਰ ਰਹਿੰਦੀ ਹੈ ਅਤੇ ਸਥਾਨਕ ਨਿਗਮ ਚੋਣਾਂ ਵਿਚ ਵੀ ਪਾਰਟੀ ਕਾਰਜਕਰਤਾ ਪੂਰੇ ਜੋਸ਼ ਤੇ ਮਿਹਨਤ ਨਾਲ ਲੱਗੇ ਹੋਏ ਹਨ।

ਉਨ੍ਹਾਂ ਨੇ ਕਿਹਾ ਕਿ ਸੁਸਾਸ਼ਨ ਤੋਂ ਸੇਵਾ ਦੇ ਸੰਕਲਪ ਦੇ ਨਾਲ ਜਨਸੇਵਾ ਦੀ ਜਿਮੇਵਾਰੀ ਸੰਭਾਲਦੇ ਹੀ ਮੌਜੂਦਾ ਸੂਬਾ ਸਰਕਾਰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸੰਭਕਾ ਸਾਥ-ਸੱਭਕਾ ਵਿਕਾਸ ਅਤੇ ਹਰਿਆਣਾ ਏਕ-ਹਰਿਆਣਵੀਂ ਇੱਕ ਦੇ ਮੂਲਮੰਤਰ 'ਤੇ ਚੱਲਦੇ ਹੋਏ ਸਮੂਚੇ ਹਰਿਆਣਾ ਅਤੇ ਹਰੇਕ ਹਰਿਆਣਵੀ ਦੀ ਤਰੱਕੀ ਅਤੇ ਉਥਾਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸੀ ਤਰ੍ਹਾ ਨਿਗਮ ਚੋਣਾਂ ਦੇ ਬਾਅਦ ਸੂਬੇ ਵਿਚ ਤਿੰਨ ਗੁਣਾ ਤੇਜੀ ਨਾਲ ਵਿਕਾਸ ਹੋਵੇਗਾ।

ਨੀਤੀ ਦਾ ਉਦੇਸ਼ ਵਿਭਾਗਾਂ ਦੀ ਕਾਰਜਪ੍ਰਣਾਲੀ ਵਿਚ ਸੁਧਾਰ ਕਰਨਾ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਵਿਸ਼ੇਸ਼ ਕਾਡਰ ਦੇ ਸਰਕਾਰੀ ਕਰਮਚਾਰੀਆਂ ਦੀ ਵੱਖ-ਵੱਖ ਸਥਾਨਾਂ 'ਤੇ ਤਰਕਸੰਗਤ ਤੈਨਾਤੀ ਯਕੀਨੀ ਕਰਨ ਲਈ ਇੱਕ ਮਾਡਲ ਆਨਾਇਨ ਟ੍ਰਾਂਸਫਰ ਨੀਤੀ -2025 ਦਾ ਮਸੌਦਾ ਤਿਆਰ ਕੀਤਾ ਹੈ। ਨੀਤੀ ਦਾ ਉਦੇਸ਼ ਕਰਮਚਾਰੀਆਂ ਵਿਚ ਜਾਬ ਸੰਤੁਸ਼ਟੀ ਨੂੰ ਵੱਧ ਤੋਂ ਵੱਧ ਕਰਨਾ ਅਤੇ ਵਿਭਾਗਾਂ ਦੀ ਕਾਰਜਪ੍ਰਣਾਲੀ ਵਿਚ ਸੁਧਾਰ ਕਰਨਾ ਹੈ। ਇਸ ਸਬੰਧ ਵਿਚ, ਨੀਤੀ ਦਾ ਮਸੌਦਾ ਹਰਿਆਣਾ ਸਰਕਾਰ ਦੀ ਵੈਬਸਾਇਟ csharyana.gov.in 'ਤੇ ਅਪਲੋਡ ਕੀਤਾ ਗਿਆ ਹੈ। ਪ੍ਰਸਾਸ਼ਨਿਕ ਸਕੱਤਰਾਂ, ਵਿਭਾਗਾਂ ਦੇ ਪ੍ਰਮੁੱਖਾਂ, ਵਿਭਾਗਾਂ ਅਤੇ ਵਿਚਾਰ/ਸੁਝਾਅ ਨਿਰਧਾਰਿਤ ਪ੍ਰਾਰੂਪ ਵਿਚ ਭੇਜਣ। ਵਿਚਾਰ/ਸੁਝਾਅ ਈ-ਮੇਲ generalservices@@@A@gmail.com 'ਤੇ ਜਾਂ ਮਾਨਵ ਸੰਸਾਧਨ ਵਿਭਾਗ ਵਿਚ 26 ਫਰਵਰੀ, 2025 ਤੱਤ ਜਾਂ ਉਸ ਤੋਂ ਪਹਿਲਾਂ ਭੇਜੇ ਜਾ ਸਕਦੇ ਹਨ।

ਹਰਿਆਣਾ ਵਿਚ ਮਧੂਮੱਖੀ ਪਾਲਣ 'ਤੇ ਦਿੱਤਾ ਜਾ ਰਿਹਾ ਜ਼ੋਰ : ਸ਼ਿਆਮ ਸਿੰਘ ਰਾਣਾ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਸੂਬੇ ਵਿਚ ਫਸਲ ਵਿਵਿਧੀਕਰਣ ਦੇ ਵੱਲ ਕਦਮ ਵਧਾਉਂਦੇ ਹੋਏ ਮਧੂਮੱਖੀ ਪਾਲਣ ਕਾਰੋਬਾਰ 'ਤੇ ਜੋਰ ਦਿੱਤਾ ਜਾ ਰਿਹਾ ਹੈ। ਇਸ ਦੇ ਲਈ ਮਧੂਮੱਖੀ ਪਾਲਣ ਨੀਤੀ ਵੀ ਬਣਾਈ ਗਈ ਹੈ, ਅਜਿਹੀ ਨੀਤੀ ਬਨਾਉਣ ਵਾਲੀ ਹਰਿਆਣਾ ਪਹਿਲਾ ਸੂਬਾ ਹੈ। ਰਾਜ ਸਰਕਾਰ ਨੇ ਸਾਲ 2030 ਤੱਕ ਸੂਬੇ ਵਿਚ 15,500 ਮੀਟ੍ਰਿਕ ਟਨ ਸ਼ਹਿਦ ਦੇ ਉਦਘਾਟਨ ਦਾ ਟੀਚਾ ਰੱਖਿਆ ਹੈ।

ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅੱਜ ਇੱਥੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੂਬੇ ਵਿਚ ਮਧੂਮੱਖੀ ਪਾਲਣ ਦੀ ਗਤੀਵਿਧੀਆਂ, ਜਿਵੇਂ ਸ਼ਹਿਦ ਉਤਪਾਦਨ, ਪੋਲਣ ਨਿਸ਼ਕਰਸ਼ਨ, ਗੁਣਵੱਤਾ ਮੁਲਾਂਕਨ ਨੂੰ ਪ੍ਰੋਤਸਾਹਨ ਦੇਣ ਲਈ ਇੱਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਤਹਿਤ ਮਧੂਮੱਖੀ ਪਾਲਕਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਨੇ ਅੱਗੇ ਦਸਿਆ ਕਿ ਮਧੂਮੱਖੀ ਪਾਲਣ ਨੀਤੀ-(2021) ਤਿਆਰ ਕਰਨ ਵਾਲਾ ਹਰਿਆਣਾ ਪਹਿਲਾ ਸੂਬਾ ਹੈ। ਇਸ ਨੀਤੀ ਦੇ ਤਹਿਤ ਵੱਖ-ਵੱਖ ਗੁਣਵੱਤਾ ਦਖਲਅੰਦਾਜੀਆਂ ਰਾਹੀਂ ਗੁਣਵੱਤਾਪਰਕ ਸ਼ਹਿਰ ਉਤਪਾਦਨ 'ਤੇ ਧਿਆਨ ਕੇਂਦ੍ਰਿਤ ਕਰਨ ਦੇ ਉਦੇਸ਼ ਨਾਲ 10 ਸਾਲ ਦੀ ਕਾਰਜ ਯੋਜਨਾ ਬਣਾਈ ਗਈ ਹੈ। ਉਨ੍ਹਾਂ ਨੇ ਦਸਿਆ ਕਿ ਇਸ ਯੋਜਨਾ ਤਹਿਤ ਸ਼ਹਿਦ ਦਾ ਉਤਪਾਦਨ ਮੌਜੂਦ 4500 ਮੀਟ੍ਰਿਕ ਟਨ ਤੋਂ ਵਧਾ ਕੇ ਸਾਲ 2030 ਦੇ ਅੰਤ ਤੱਕ 15,500 ਮੀਟ੍ਰਿਕ ਟਨ ਕਰਨ ਦਾ ਟੀਚਾ ਹੈ। ਖੇਤੀਬਾੜੀ ਮੰਤਰੀ ਨੇ ਦਸਿਆ ਕਿ ਕੁਰੂਕਸ਼ੇਤਰ ਜਿਲ੍ਹਾ ਵਿਚ ਏਕੀਕ੍ਰਿਤ ਮਧੂਮੱਖੀ ਪਾਲਣ ਵਿਕਾਸ ਕੇਂਦਰ ਰਾਮਨਗਰ ਸਥਾਪਿਤ ਕੀਤਾ ਗਿਆ ਹੈ। ਇਸ ਕੇਂਦਰ ਵਿਚ ਮਧੂਮੱਖੀ ਪਾਲਕਾਂ ਨੂੰ ਟ੍ਰੇਨਡ ਕੀਤਾ ਜਾਂਦਾ ਹੈ ਤਾਂ ਜੋ ਉਹ ਆਪਣਾ ਕਾਰੋਬਾਰ ਸ਼ੁਰੂ ਕਰ ਸਕਣ। ਉਨ੍ਹਾਂ ਨੇ ਇਹ ਵੀ ਦਸਿਆ ਕਿ ਇਸ ਕੇਂਦਰ ਤੋਂ ਸਮਾਨ ਖਰੀਦਣ 'ਤੇ ਮਧੂਮੱਖੀ ਪਾਲਕਾਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਸੂਬੇ ਸਰਕਾਰ ਮਧੂਮੱਖੀ ਪਾਲਕਾਂ ਨੂੰ ਸਹੂਲਤ ਦਿੱਤੀ ਗਈ ਹੈ ਕਿ ਇੱਥੋਂ ਮਧੂ ਮੱਖੀ ਪਾਲਣ ਲਈ ਬਕਸੇ ਖਰੀਦਣ 'ਤੇ 85 ਫੀਸਦੀ ਅਤੇ ਸਮੱਗਰੀ ਖਰੀਦਣ 'ਤੇ 75 ਫੀਸਦੀ ਗ੍ਰਾਂਟ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਸਾਲ 2019-20 ਤੋਂ ਸਾਲ 2023-24 ਤੱਕ ਮਧੂਮੱਖੀ ਪਾਲਕਾਂ ਦਾ 56,610 ਬਕਸੇ ਉਪਲਬਧ ਕਰਵਾਏ ਗਏ ਹਨ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਦੋਰਾਇਆ ਕਿ ਸੂਬਾ ਸਰਕਾਰ ਕਿਸਾਨ ਹਿਤੇਸ਼ੀ ਹੈ ਅਤੇ ਆਪਣੇ ਸੂਬੇ ਦੇ ਕਿਸਾਨਾਂ ਦੇ ਹਿੱਤ ਲਹੀ ਵੱਖ-ਵੱਖ ਭਲਾਈਕਾਰੀ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ।

ਰੇਰਾ ਟ੍ਰਿਬਊਨਲ ਨੇ ਦਿੱਤੇ ਮਾਨੇਸਰ ਵਿਚ ਪੁਰਾਣੇ ਰੌਅ ਢਾਂਚੇ ਨੂੰ ਹਟਾਉਣ ਦੇ ਆਦੇਸ਼

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਰੇਰਾ ਟ੍ਰਿਬਊਨਲ ਨੇ ਇੱਕ ਇਤਿਹਾਸਕਿ ਫੈਸਲੇ ਵਿਚ ਭੂਮੀ-ਵਰਤੋਂ ਨਿਯਮਾਂ ਦਾ ਉਲੰਘਣ ਕਰਨ 'ਤੇ ਮਾਨੇਸਰ ਵਿਚ ਪੁਰਾਣੇ ਰੌਅ ਢਾਂਚੇ ਨੂੰ ਹਟਾਉਣ ਦਾ ਆਦੇਸ਼ ਦਿੱਤਾ ਹੈ। 27 ਜਨਵਰੀ, 2025 ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇਹ ਅਣਅਥੋਰਾਇਜਡ ਢਾਂਚਾ 90 ਦਿਨਾਂ ਦੇ ਅੰਦਰ-ਅੰਦਰ ਹਟਾਈ ਜਾਵੇ ਅਤੇ ਭੂਮੀ ਨੂੰ ਉਸ ਦੀ ਮੂਲ ਸਥਿਤੀ ਵਿਚ ਬਹਾਲ ਕਰ ਰਿਪੋਰਟ ਸੌਂਪੀ ਜਾਵੇ।

ਇਹ ਫੈਸਲਾ ਲਾਲ ਸਿੰਘ ਯਾਦਵ ਬਨਾਮ ਹਰਿਆਣਾ ਰਾਜ (ਅਪੀਲ ਬ੍ਰਾਂਚ 17/2021) ਦੇ ਮਾਮਲੇ ਵਿਚ ਆਇਆ ਹੈ। ਟ੍ਰਿਬਊਨਲ ਨੇ ਪਾਇਆ ਕਿ ਇਹ ਢਾਬਾ ਕੌਮੀ ਰਾਜਧਾਨੀ ਦੇ ਕਿਨਾਰੇ ਪਾਬੰਦੀਸ਼ੁਦਾ ਕੰਟਰੋਲ ਖੇਤਰ ਵਜੋਂ ਨਾਮਜਦ ਭੂਮੀ 'ਤੇ ਅਵੈਧ ਰੂਪ ਨਾਲ ਬਣਾਇਆ ਗਿਆ ਸੀ। ਇਸ ਨੇ ਜੋਨਿੰਗ-ਲਾ ਪਾਲਣ ਨਹੀਂ ਕੀਤਾ ਸੀ।

ਟ੍ਰਿਬਊਨਲ ਦੇ ਚੇਅਰਮੈਨ ਜਸਟਿਸ (ਸੇਵਾਮੁਕਤ) ਰਾਜਨ ਗੁਪਤਾ ਨੇ ਇਸ ਮਾਮਲੇ ਵਿਚ ਫੈਸਲਾ ਸੁਣਾਉਂਦੇ ਹੋਏ ਕਿਹਾ, ਹਰਿਆਣਾ ਰਾਜ ਸਾਇਟ ਨੂੰ ਉਸ ਦੀ ਮੂਲ ਸਥਿਤੀ ਵਿਚ ਬਹਾਲ ਕਰਨ ਲਈ ਸੁਤੰਤਰ ਹੈ। ਟ੍ਰਿਬਊਨਲ ਨੇ ਇਸ ਗੱਲ 'ਤੇ ਵੀ ਜੋਰ ਦਿੱਤਾ ਕਿ ਅਣਅਥੋਰਾਇਜਡ ਨਿਰਮਾਣਾਂ ਨੂੰ, ਖਾਸ ਤੌਰ 'ਤੇ ਰਾਜਮਾਰਗਾਂ ਦੇ ਨੇੜੇ ਬਣੇ ਰਹਿਣ ਦੀ ਮੰਜੂਰੀ ਨਹੀਂ ਦਿੱਤੀ ਜਾ ਸਕਦੀ।ਟ੍ਰਿਬਊਨਲ ਨੇ 18 ਅਗਸਤ, 2021 ਦੇ ਆਪਣੇ ਪਹਿਲੇ ਦੇ ਆਦੇਸ਼ ਨੂੰ ਬਰਕਰਾਰ ਰੱਖਦੇ ਹੋਏ ਫਿਰ ਤੋਂ ਪੁਸ਼ਟੀ ਕੀਤੀ ਕਿ ਅਜਿਹੇ ਢਾਂਚੇ ਕੰਟਰੋਲ ਖੇਤਰ ਦੇ ਨਿਯਮਾਂ ਦਾ ਉਪਲੰਘਣ ਕਰਦੀ ਹੈ ਅਤੇ ਉਨ੍ਹਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ।

ਕਾਰਵਾਈ ਦੌਰਾਨ ਟ੍ਰਿਬਊਨਲ ਨੇ ਪੁੱਛਿਆ ਕਿ ਕੀ ਗੁਰੂਗ੍ਰਾਮ ਦੇ ਡੀਟੀਪੀ (ਏਨਫੋਰਸਮੈਂਟ) ਇਸ ਢਾਬੇ ਨੂੰ ਹਟਾਉਣ ਦੀ ਪ੍ਰਕ੍ਰਿਆ 'ਤੇ ਸਥਿਤੀ ਰਿਪੋਰਟ ਪੇਸ਼ ਕਰਣਗੇ।

ਹਰਿਆਣਾ ਰੇਰਾ ਟ੍ਰਿਬਊਨਲ ਦਾ ਇਹ ਫੈਸਲਾ ਭੂਮੀ-ਵਰਤੋਂ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਕੌਮੀ ਰਾਜਮਾਰਗਾਂ ਦੇ ਕਿਨਾਰੇ ਅਣਅਥੋਰਾਇਜਡ ਵਪਾਰਕ ਅਦਾਰਿਆਂ ਨੂੰ ਰੋਕਨ ਲਈ ਸਰਕਾਰ ਦੀ ਪ੍ਰਤੀਬੱਧਤਾ ਨੂੰ ਰੇਖਾਂਕਿਤ ਕਰਦਾ ਹੈ।

ਉਦੈਪੁਰ ਵਿੱਚ 18 ਅਤੇ 19 ਨੂੰ ਹੋਵੇਗੀ ਇਹ ਕਾਂਫ੍ਰੈਂਸ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰਾਜਸਥਾਨ ਦੇ ਉਦੈਪੁਰ ਵਿੱਚ 18 ਅਤੇ 20 ਫਰਵਰੀ,2025 ਨੂੰ ਦੋ ਦਿਨਾਂ ਦਾ ਅਖਿਲ ਭਾਰਤੀ '' ਜਲ ਸੁਰੱਖਿਅਤ ਰਾਸ਼ਟਰ'' ਵਿਸ਼ੇ 'ਤੇ ਕੌਮੀ ਕਾਂਫ੍ਰੈਂਸ ਆਯੋਜਿਤ ਹੋਵੇਗੀ। ਇਸ ਕਾਂਫ੍ਰੈਂਸ ਵਿੱਚ ਦੇਸ਼ ਦੇ ਸਾਰੇ ਰਾਜਿਆਂ ਦੇ ਜਨ ਸਿਹਤ ਇੰਜਨੀਅਰਿੰਗ ਮੰਤਰੀਆਂ ਨਾਲ ਹਰਿਆਣਾ ਦੇ ਜਨ ਸਿਹਤ ਇੰਜਨੀਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਹਿੱਸਾ ਲੈਣਗੇ।

ਇਹ ਕਾਂਫ੍ਰੈਂਸ 2047 ਵਿਕਸਿਤ ਭਾਰਤ ਦੇ ਪਰਿਪੇਖ ਵਿੱਚ ਰੱਖੀ ਗਈ ਹੈ। ਕਾਂਫ੍ਰੈਂਸ ਰਾਹੀਂ ਜਲ ਸਥਿਰਤਾ ਅਤੇ ਸੁਰੱਖਿਆ ਦੇ ਮਹੱਤਵਪੂਰਨ ਮੁੱਦਿਆਂ 'ਤੇ ਰਾਜਿਆਂ ਨਾਲ ਵਿਚਾਰ ਵਟਾਂਦਰਾਂ ਕੀਤੀ ਜਾਵੇਗੀ। ਇਸ ਦੇ ਇਲਾਵਾ, ਹਰ ਘਰ ਨਲ, ਹਰ ਘਰ ਜਲ, ਜਲ ਜੀਵਨ ਮਿਸ਼ਨ ਦੇ ਵਿਸਥਾਰ, 100 ਫੀਸਦੀ ਉਪਚਾਰਿਤ ਗੰਦੇ ਪਾਣੀ ਦਾ ਦੁਬਾਰਾ ਉਪਯੋਗ ਕਰਨ, ਹਰਿਆਣਾ ਸੂਬੇ ਵਿੱਚ ਅਮ੍ਰਿਤ-2 ਯੋਜਨਾ ਦੇ ਤਹਿਤ ਚੋਣ ਕੀਤੇ ਗਏ 44 ਸ਼ਹਿਰਾਂ ਵਿੱਚ 5-ਸਿਤਾਰਾ ਰੇਟਿੰਗ ਨਾਲ ਊਰਜਾ ਕੁਸ਼ਲ ਪੰਪਿੰਗ ਉਪਕਰਨ ਲਗਾਉਣ ਅਤੇ 2047 ਤੱਕ ਜਲ ਸੁਰੱਖਿਅਤ ਰਾਜ ਦਾ ਟੀਚਾ ਪ੍ਰਾਪਤ ਕਰਨ ਜਿਵੇਂ ਗੰਭੀਰ ਮੁੱਦਿਆਂ 'ਤੇ ਸਕਾਰਾਤਮਕ ਚਰਚਾ ਕੀਤੀ ਜਾਵੇਗੀ।

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਲੇਸਮੈਂਟ ਕੈਂਪ

ਰੂਪਨਗਰ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰੂਪਨਗਰ, 17 ਫਰਵਰੀ: ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ ਦੀ ਲੜੀ ਤਹਿਤ ਅਗਲਾ ਕੈਂਪ ਅੱਜ 20 ਫਰਵਰੀ ਦਿਨ ਮੰਗਲਵਾਰ ਨੂੰ ਲਗਾਇਆ ਜਾ ਰਿਹਾ ਹੈ।

ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫਸਰ ਸ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਯੋਮੋਟੋ ਕੰਪਨੀ ਵੱਲੋਂ 10 ਅਸਾਮੀਆਂ ਦੀ ਭਰਤੀ ਲਈ ਦਸਵੀਂ, ਬਾਰਵੀਂ ਅਤੇ ਇਸ ਤੋਂ ਉੱਪਰ ਵਿੱਦਿਅਕ ਵਾਲੇ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਅਸਾਮੀਆਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ ਫੁੱਲ ਟਾਈਮ 15,000 ਤੋਂ 18,000 ਅਤੇ ਪਾਰਟ ਟਾਈਮ ਨੂੰ 8000 ਤੋਂ 10,000 ਰੁਪਏ ਮਹੀਨਾ ਤਨਖਾਹ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ 18 ਤੋਂ 50 ਸਾਲ ਦੇ ਉਮੀਦਵਾਰ ਭਾਗ ਲੈ ਸਕਦੇ ਹਨ। ਨੌਕਰੀ ਦਾ ਸਥਾਨ ਰੋਪੜ ਹੋਵੇਗਾ। ਇਸ ਕੈਂਪ ਵਿੱਚ ਮਰਦ/ਔਰਤਾਂ ਦੋਵੇਂ ਅਪਲਾਈ ਕਰ ਸਕਦੇ ਹਨ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਦੱਸਿਆ ਕਿ ਇਸ ਇੰਟਰਵਿਊ ਵਿਚ ਭਾਗ ਲੈਣ ਦੇ ਚਾਹਵਾਨ ਉਮੀਦਵਾਰ ਆਪਣਾ ਆਧਾਰ ਕਾਰਡ, ਪੈਨ ਕਾਰਡ, ਬੈਂਕ ਪਾਸਬੁੱਕ ਆਦਿ ਦਸਤਾਵੇਜ ਨਾਲ ਲੈਕੇ ਇੰਟਰਵਿਊ ਦੇਣ ਲਈ ਆ ਸਕਦੇ ਹਨ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਕੋਲ ਆਪਣਾ ਮੋਟਰ ਸਾਈਕਲ ਅਤੇ ਐਂਡਰਾਇਡ ਫੋਨ ਹੋਣਾ ਲਾਜ਼ਮੀ ਹੈ।ਇੰਟਰਵਿਊ ਦਾ ਸਥਾਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀਸੀ ਕੰਪਲੈਕਸ, ਰੂਪਨਗਰ ਹੈ।

ਪਲੇਸਮੈਂਟ ਅਫਸਰ, ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਸ਼੍ਰੀਮਤੀ ਮੀਨਾਕਸ਼ੀ ਬੇਦੀ ਨੇ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਆਯੋਜਿਤ ਕੀਤੇ ਜਾਂਦੇ ਇਨ੍ਹਾਂ ਪਲੇਸਮੈਂਟ ਕੈਂਪਾਂ ਵਿੱਚ ਜ਼ਰੂਰ ਭਾਗ ਲੈਣ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 9877434522 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪ੍ਰਵਾਸੀ ਪੰਜਾਬੀ ਆਪਣੇ ਘਰ ਤੋਂ ਹੀ ਦਸਤਾਵੇਜ਼ਾਂ 'ਤੇ ਕਾਊਂਟਰਸਾਈਨ ਵਾਸਤੇ ਈ-ਸਨਦ ਪੋਰਟਲ ਦੇ ਸਕਦੇ ਹਨ ਆਨਲਾਈਨ ਅਰਜ਼ੀ: ਕੁਲਦੀਪ ਸਿੰਘ ਧਾਲੀਵਾਲ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਵਾਸੀ ਭਾਰਤੀ (ਐਨ.ਆਰ.ਆਈ.) ਪੰਜਾਬੀਆਂ ਲਈ ਤਸਦੀਕ ਪ੍ਰਕਿਰਿਆ ਨੂੰ ਸੁਖਾਲਾ ਕਰਨ ਦੀ ਦਿਸ਼ਾ ਵਿੱਚ, ਪੰਜਾਬ ਸਰਕਾਰ ਨੇ ਸ. ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾ

ਗਿਆਨੇਸ਼ ਕੁਮਾਰ ਨੇ ਮੁੱਖ ਚੋਣ ਕਮਿਸ਼ਨਰ ਤੇ ਵਿਵੇਕ ਜੋਸ਼ੀ ਨੇ ਚੋਣ ਕਮਿਸ਼ਨਰ ਵਜੋਂ ਚਾਰਜ ਸੰਭਾਲਿਆ

ਨਵੀਂ ਦਿੱਲੀ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗਿਆਨੇਸ਼ ਕੁਮਾਰ ਨੇ ਅੱਜ ਦੇਸ਼ ਦੇ 26ਵੇਂ ਮੁੱਖ ਚੋਣ ਕਮਿਸ਼ਨਰ (353) ਵਜੋਂ ਜਦੋਂਕਿ ਵਿਵੇਕ ਜੋਸ਼ੀ ਨੇ ਚੋਣ ਕਮਿਸ਼ਨਰ (53) ਵਜੋਂ ਅਹੁਦੇ ਦਾ ਚਾਰਜ ਸੰਭਾਲ ਲਿਆ ਹੈ। ਕੁਮਾਰ ਮਾਰਚ 2024 ਤੋਂ ਚੋਣ ਕਮਿਸ਼ਨਰ ਸਨ ਤੇ ਉਨ੍ਹਾਂ ਨੂੰ ਸੋਮਵਾਰ ਨੂੰ ਤਰੱਕੀ ਦੇ ਕੇ ਮੁੱਖ ਚੋਣ ਕਮਿਸ਼ਨਰ ਬਣਾਇਆ ਗਿਆ ਹੈ। ਗਿਆਨੇਸ਼ ਕੁਮਾਰ ਨੇ ਰਾਜੀਵ ਕੁਮਾਰ ਦੀ ਥਾਂ ਲਈ ਹੈ, ਜੋ ਮੰਗਲਵਾਰ ਨੂੰ ਸੇਵਾਮੁਕਤ ਹੋਏ ਹਨ।

ਸੁਖਬੀਰ ਸਿੰਘ ਸੰਧੂ ਦੂਜੇ ਚੋਣ ਕਮਿਸ਼ਨਰ ਹਨ। ਜੋਸ਼ੀ, ਜੋ ਹਰਿਆਣਾ ਕੇਡਰ ਦੇ ਸਾਬਕਾ ਆਈਏਐੱਸ ਅਧਿਕਾਰੀ ਹਨ, ਨੂੰ ਸੋਮਵਾਰ ਨੂੰ ਚੋਣ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਕੁਮਾਰ ਨੇ ਅਹੁਦੇ ਦਾ ਚਾਰਜ ਸੰਭਾਲਣ ਮਗਰੋਂ ਇਕ ਸੁਨੇਹੇ ਵਿਚ ਕਿਹਾ, "ਦੇਸ਼ ਨਿਰਮਾਣ ਲਈ ਪਹਿਲਾ ਕਦਮ ਵੋਟਿੰਗ ਹੈ। ਲਿਹਾਜ਼ਾ ਭਾਰਤ ਦੇ ਹਰੇਕ ਨਾਗਰਿਕ, ਜਿਸ ਦੀ ਉਮਰ 18 ਸਾਲ ਤੋਂ ਉੱਤੇ ਹੈ, ਨੂੰ ਵੋਟ ਜ਼ਰੂਰ ਪਾਉਣੀ ਚਾਹੀਦੀ ਹੈ।" ਕੁਮਾਰ ਨੇ ਜ਼ੋਰ ਦੇ ਕੇ ਆਖਿਆ ਕਿ 'ਚੋਣ ਕਮਿਸ਼ਨ ਵੋਟਰਾਂ ਨਾਲ ਹਮੇਸ਼ਾ ਖੜ੍ਹਾ ਸੀ, ਹੈ ਤੇ ਰਹੇਗਾ।" ਕੁਮਾਰ ਦਾ ਕਾਰਜਕਾਲ 26 ਜਨਵਰੀ 2029 ਤੱਕ ਹੋਵੇਗਾ।

ਅਮਰੀਕਾ ਤੋਂ ਡਿਪੋਰਟ 300 ਵਿਅਕਤੀ ਪਨਾਮਾ ਦੇ ਹੋਟਲ 'ਚ ਨਜ਼ਰਬੰਦ, 'Help' ਲਿਖ ਕੇ ਮਦਦ ਦੀ ਗੁਹਾਰ ਲਗਾਈ

ਬਹੁਤੇ ਡਿਪੋਰਟੀਜ਼ ਭਾਰਤ, ਇਰਾਨ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਚੀਨ ਆਦਿ ਮੁਲਕਾਂ ਨਾਲ ਸਬੰਧਤ

ਪਨਾਮਾ ਸ਼ਹਿਰ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਵਾਲੇ ਤਿੰਨ ਸੌ ਦੇ ਕਰੀਬ ਲੋਕਾਂ ਨੂੰ ਪਨਾਮਾ ਦੇ ਇਕ ਹੋਟਲ ਵਿਚ ਨਜ਼ਰਬੰਦ ਕੀਤਾ ਗਿਆ ਹੈ। ਇਹ ਗ਼ੈਰਕਾਨੂੰਨੀ ਪਰਵਾਸੀ ਕੌਮਾਂਤਰੀ ਅਥਾਰਿਟੀਜ਼ ਵੱਲੋਂ ਉਨ੍ਹਾਂ ਨੂੰ ਆਪੋ ਆਪਣੇ ਮੁਲਕ ਵਾਪਸ ਭੇਜਣ ਦੀ ਉਡੀਕ ਕਰ ਰਹੇ ਹਨ।

ਇਨ੍ਹਾਂ ਗ਼ੈਰਕਾਨੂੰਨੀ ਪਰਵਾਸੀਆਂ ਵਿਚੋਂ ਬਹੁਤੇ ਇਰਾਨ, ਭਾਰਤ, ਨੇਪਾਲ, ਸ੍ਰੀ ਲੰਕਾ, ਪਾਕਿਸਤਾਨ, ਅਫ਼ਗਾਨਿਸਤਾਨ, ਚੀਨ ਤੇ ਹੋਰਨਾਂ ਏਸ਼ਿਆਈ ਮੁਲਕਾਂ ਨਾਲ ਸਬੰਧਤ ਹਨ। ਅਥਾਰਿਟੀਜ਼ ਦਾ ਕਹਿਣਾ ਹੈ ਕਿ ਇਨ੍ਹਾਂ ਵਿਚੋਂ 40 ਫੀਸਦ ਤੋਂ ਵੱਧ ਪਰਵਾਸੀ ਸਵੈ-ਇੱਛਾ ਨਾਲ ਆਪੋ-ਆਪਣੇ ਮੁਲਕਾਂ ਨੂੰ ਵਾਪਸ ਜਾਣਾ ਚਾਹੁੰਦੇ ਹਨ। ਹੋਟਲ ਵਿਚ ਨਜ਼ਰਬੰਦ ਇਨ੍ਹਾਂ ਡਿਪੋਰਟੀਜ਼ ਨੇ ਖਿੜਕੀਆਂ ਰਾਹੀਂ 'Help' ਦੇ ਸੁਨੇਹੇ ਲਿਖ ਕੇ ਮਦਦ ਦੀ ਗੁਹਾਰ ਲਗਾਈ ਹੈ। ਅਮਰੀਕਾ ਨੂੰ ਇਨ੍ਹਾਂ ਵਿੱਚੋਂ ਕੁਝ ਨੂੰ ਸਿੱਧੇ ਉਨ੍ਹਾਂ ਦੇ ਮੁਲਕ ਡਿਪੋਰਟ ਕਰਨ ਵਿਚ ਮੁਸ਼ਕਲ ਆ ਰਹੀ ਹੈ, ਲਿਹਾਜ਼ਾ ਪਨਾਮਾ ਨੂੰ ਰਸਤੇ ਵਿਚ ਠਹਿਰ ਵਜੋਂ ਵਰਤਿਆ ਜਾ ਰਿਹਾ ਹੈ। ਡਿਪੋਰਟੀਜ਼ ਦੇ ਤੀਜੇ ਬੈਚ ਵਾਲੀ ਉਡਾਣ ਬੁੱਧਵਾਰ ਨੂੰ ਕੋਸਟਾ ਰੀਕਾ ਵਿਚ ਲੈਂਡ ਕਰ ਸਕਦੀ ਹੈ।

ਪਨਾਮਾ ਦੇ ਸੁਰੱਖਿਆ ਮੰਤਰੀ ਨੇ ਨੂੰ ਕਿਹਾ ਕਿ ਪਨਾਮਾ ਅਤੇ ਅਮਰੀਕਾ ਦਰਮਿਆਨ ਪਰਵਾਸ ਸਮਝੌਤੇ ਤਹਿਤ ਪਰਵਾਸੀਆਂ ਨੂੰ ਡਾਕਟਰੀ ਸਹਾਇਤਾ ਅਤੇ ਭੋਜਨ ਮਿਲ ਰਿਹਾ ਹੈ। Abrego ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਹੋਟਲ ਵਿਚ ਗੈਰਕਾਨੂੰਨੀ ਹਿਰਾਸਤ 'ਚ ਰੱਖਿਆ ਗਿਆ ਹੈ। ਉਂਝ ਇਹ ਵਿਦੇਸ਼ੀ ਨਾਗਰਿਕ ਆਪਣੇ ਕਮਰਿਆਂ ਵਿਚੋਂ ਬਾਹਰ ਨਹੀਂ ਆ ਸਕਦੇ। ਹੋਟਲ ਦੇ ਬਾਹਰ ਪੁਲੀਸ ਦਾ ਪਹਿਰਾ ਹੈ।

ਪਨਾਮਾ ਸਰਕਾਰ ਹੁਣ ਡਿਪੋਰਟੀਆਂ ਲਈ ਇੱਕ 'ਪੁਲ' ਜਾਂ Transit ਦੇਸ਼ ਵਜੋਂ ਕੰਮ ਕਰਨ ਲਈ ਸਹਿਮਤ ਹੋ ਗਈ ਹੈ, ਜਦੋਂ ਕਿ ਅਮਰੀਕਾ ਕਾਰਵਾਈ ਦੇ ਸਾਰੇ ਖਰਚੇ ਸਹਿਣ ਕਰੇਗਾ। ਇਸ ਸਮਝੌਤੇ ਦਾ ਐਲਾਨ ਇਸ ਮਹੀਨੇ ਦੇ ਸ਼ੁਰੂ ਵਿੱਚ ਅਮਰੀਕੀ ਵਿਦੇਸ਼ ਮੰਤਰੀ ਦੀ ਫੇਰੀ ਮਗਰੋਂ ਕੀਤਾ ਗਿਆ ਸੀ। ਪਨਾਮਾ ਦੇ ਰਾਸ਼ਟਰਪਤੀ ਨੇ ਪਿਛਲੇ ਵੀਰਵਾਰ ਨੂੰ ਡਿਪੋਰਟੀਜ਼ ਦੀਆਂ ਪਹਿਲੀਆਂ ਉਡਾਣਾਂ ਦੇ ਆਉਣ ਦਾ ਐਲਾਨ ਕੀਤਾ ਸੀ।

Abrego ਨੇ ਕਿਹਾ ਕਿ 299 ਡਿਪੋਰਟੀਜ਼ ਵਿੱਚੋਂ 171 ਕੌਮਾਂਤਰੀ ਅੰਤਰਰਾਸ਼ਟਰੀ ਪਰਵਾਸ ਸੰਗਠਨ ਅਤੇ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੀ ਮਦਦ ਨਾਲ ਸਵੈ-ਇੱਛਾ ਨਾਲ ਆਪੋ-ਆਪਣੇ ਦੇਸ਼ਾਂ ਵਿੱਚ ਵਾਪਸ ਜਾਣ ਲਈ ਸਹਿਮਤ ਹੋਏ ਹਨ। ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਕਿਸੇ ਤੀਜੇ ਮੁਲਕ ਵਿਚ ਉਨ੍ਹਾਂ ਲਈ ਇੱਕ ਲੱਭਣ ਦੀ ਕੋਸ਼ਿਸ਼ ਵਿੱਚ ਬਾਕੀ 128 ਪਰਵਾਸੀਆਂ ਨਾਲ ਗੱਲ ਕਰ ਰਹੀਆਂ ਹਨ। Abrego ਨੇ ਕਿਹਾ ਕਿ ਡਿਪੋਰਟ ਕੀਤਾ ਗਿਆ ਆਇਰਿਸ਼ ਨਾਗਰਿਕ ਪਹਿਲਾਂ ਹੀ ਆਪਣੇ ਦੇਸ਼ ਵਾਪਸ ਆ ਚੁੱਕਾ ਹੈ।

Abrego ਨੇ ਕਿਹਾ ਕਿ ਜਿਹੜੇ ਲੋਕ ਆਪਣੇ ਦੇਸ਼ਾਂ ਵਿੱਚ ਵਾਪਸ ਜਾਣ ਲਈ ਸਹਿਮਤ ਨਹੀਂ ਹਨ, ਉਨ੍ਹਾਂ ਨੂੰ ਅਸਥਾਈ ਤੌਰ 'ਤੇ ਦੂਰ-ਦੁਰਾਡੇ ਵਿੱਚ ਰੱਖਿਆ ਜਾਵੇਗਾ ਜਿੱਥੋਂ ਲੱਖਾਂ ਪਰਵਾਸੀ ਹਾਲ ਹੀ ਦੇ ਸਾਲਾਂ ਵਿੱਚ ਉੱਤਰ ਵੱਲ ਆਪਣੇ ਅਗਲੇ ਸਫ਼ਰ ਲਈ ਰਵਾਨਾ ਹੋਏ ਹਨ।

ਰਵਨੀਤ ਬਿੱਟੂ ਸਾਥੀਆਂ ਖਿਲਾਫ਼ ਦਰਜ ਕੇਸਾਂ ਦੇ ਵਿਰੋਧ 'ਚ ਮੱਖ ਮੰਤਰੀ ਦੀ ਰਿਹਾਇਸ਼ ਉੱਤੇ ਪਹੰਚੇ

ਚੰਡੀਗੜ੍ਹ ਪੁਲੀਸ ਨੇ ਅੱਗੇ ਵਧਣ ਤੋਂ ਰੋਕਿਆ; ਸੁਰੱਖਿਆ ਕਰਮੀ ਅਤੇ ਚੰਡੀਗੜ੍ਹ ਪੁਲੀਸ ਦੇ ਮੁਲਾਜ਼ਮਾਂ ਦਰਮਿਆਨ ਮਾਮੂਲੀ ਖਿੱਚਧੂਹ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਆਪਣੇ ਸਾਥੀਆਂ ਖਿਲਾਫ਼ ਦਰਜ ਝੂਠੇ ਕੇਸਾਂ ਦਾ ਵਿਰੋਧ ਕਰਨ ਲਈ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਲਈ ਉਨ੍ਹਾਂ ਦੀ ਰਿਹਾਇਸ਼ ਉੱਤੇ ਪੁੱਜੇ।

ਹਾਲਾਂਕਿ ਉਨ੍ਹਾਂ ਦੀ ਮੁੱਖ ਮੰਤਰੀ ਨਾਲ ਮੁਲਾਕਾਤ ਨਹੀਂ ਹੋ ਸਕੀ। ਬਿੱਟੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਕਥਿਤ ਸ਼ਹਿ 'ਤੇ ਪੁਲੀਸ ਵੱਲੋਂ ਉਨ੍ਹਾਂ ਦੇ ਸਾਥੀਆਂ ਖਿਲਾਫ਼ ਝੂਠੇ ਪੁਲੀਸ ਕੇਸ ਦਰਜ ਕੀਤੇ ਜਾ ਰਹੇ ਹਨ। ਉਹ ਇਸ ਮਸਲੇ 'ਤੇ ਗੱਲਬਾਤ ਕਰਨ ਲਈ ਆਏ ਹਨ।

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅੱਜ ਅਚਾਨਕ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਲਈ ਉਨ੍ਹਾਂ ਦੀ ਰਿਹਾਇਸ਼ ਦੇ ਪਿਛਲੇ ਪਾਸੇ ਪਹੁੰਚੇ। ਇਸ ਦੌਰਾਨ ਚੰਡੀਗੜ੍ਹ ਪੁਲੀਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਰਵਨੀਤ ਬਿੱਟੂ ਨੇ ਜਦੋਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਸੁਰੱਖਿਆ ਕਰਮੀ ਅਤੇ ਚੰਡੀਗੜ੍ਹ ਪੁਲੀਸ ਦੇ ਮੁਲਾਜ਼ਮਾਂ ਵਿਚਕਾਰ ਮਾਮੂਲੀ ਖਿੱਚਧੂਹ ਵੀ ਹੋਈ। ਬਿੱਟੂ ਨੇ ਦਾਅਵਾ ਕੀਤਾ ਕਿ ਦਿੱਲੀ 'ਚ ਆਮ ਆਦਮੀ ਪਾਰਟੀ (ਆਪ) ਦੀ ਹਾਰ ਦਾ ਬਦਲਾ ਲੈਣ ਲਈ ਉਨ੍ਹਾਂ ਦੇ ਨੇੜਲਿਆਂ ਖਿਲਾਫ਼ ਝੂਠੇ ਪਰਚੇ ਦਰਜ ਕੀਤੇ ਗਏ ਹਨ।

ਪੰਜਾਬ ਪੁਲਿਸ ਨੇ ਸਰਹੱਦ ਪਾਰੋਂ ਚਲ ਰਹੇ ਨਸ਼ਾ ਤਸਕਰੀ ਰੈਕੇਟ ਦਾ ਕੀਤਾ ਪਰਦਾਫਾਸ਼; 10 ਕਿਲੋ ਹੈਰੋਇਨ ਸਮੇਤ ਇੱਕ ਵਿਅਕਤੀ ਕਾਬੂ

ਡਰੋਨ ਰਾਹੀਂ ਸਰਹੱਦ ਪਾਰੋਂ ਹੈਰੋਇਨ ਪਹੁੰਚਾਉਂਦਾ ਸੀ ਪਾਕਿਸਤਾਨੀ ਤਸਕਰ ਚਾਚਾ ਬਾਵਾ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਚੱਲ ਰਹੀ ਨਸ਼ਿਆਂ ਵਿਰੁੱਧ ਜੰਗ ਦੌਰਾਨ, ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਇੱਕ ਨਸ਼ਾ ਤਸਕਰ ਨੂੰ 10 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਚਲ ਰਹੇ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਬੁੱਧਵਾਰ ਨੂੰ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਹਰਮਨਦੀਪ ਸਿੰਘ ਵਜੋਂ ਹੋਈ ਹੈ, ਜੋ ਅੰਮ੍ਰਿਤਸਰ ਦੇ ਪਿੰਡ ਘੁੰਮਣਪੁਰਾ ਦਾ ਰਹਿਣ ਵਾਲਾ ਹੈ। ਉਕਤ ਮੁਲਜ਼ਮ ਤੋਂ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦੀ ਕਾਲੇ ਰੰਗ ਦੀ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ02 ਈਡਬਲਿਊ 5675), ਜਿਸ 'ਤੇ ਉਹ ਸਵਾਰ ਸੀ, ਨੂੰ ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸੀ.ਆਈ. ਅੰਮ੍ਰਿਤਸਰ ਦੀ ਟੀਮ ਨੂੰ ਭਰੋਸੇਯੋਗ ਸੂਤਰਾਂ ਤੋਂ ਪੁਖ਼ਤਾ ਇਤਲਾਹ ਮਿਲੀ ਸੀ ਕਿ ਮੁਲਜ਼ਮ ਹਰਮਨਦੀਪ ਦੇ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਨਾਲ ਸਬੰਧ ਹਨ ਅਤੇ ਹਾਲ ਹੀ ਵਿੱਚ ਉਸਨੂੰ ਪਾਕਿਸਤਾਨ ਤੋਂ ਹੈਰੋਇਨ ਦੀ ਇੱਕ ਵੱਡੀ ਖੇਪ ਮਿਲੀ ਹੈ, ਜਿਸ ਨੂੰ ਉਹ ਰਾਮ ਤੀਰਥ ਰੋਡ, ਮੋੜ ਪਿੰਡ ਕਾਲੇ ਨੇੜੇ ਡੇਰਾ ਰਾਧਾ ਸਵਾਮੀ ,ਅੰਮ੍ਰਿਤਸਰ ਦੇ ਕਿਸੇ ਵਿਅਕਤੀ ਤੱਕ ਪਹੁੰਚਾਉਣ ਜਾ ਰਿਹਾ ਹੈ।

ਉਕਤ ਇਤਲਾਹ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਸੀ.ਆਈ. ਅੰਮ੍ਰਿਤਸਰ ਨੇ ਖੁਫ਼ੀਆ ਜਾਣਕਾਰੀ 'ਤੇ ਅਧਾਰਤ ਕਾਰਵਾਈ ਸ਼ੁਰੂ ਕੀਤੀ ਹੈ ਅਤੇ ਅੰਮ੍ਰਿਤਸਰ ਦੇ ਰਾਮ ਤੀਰਥ ਰੋਡ 'ਤੇ ਲਗਾਏ ਇੱਕ ਵਿਸ਼ੇਸ਼ ਪੁਲਿਸ ਨਾਕੇ 'ਤੇ ਮੁਲਜ਼ਮ ਹਰਮਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਤਲਾਸ਼ੀ ਦੌਰਾਨ ਮੁਲਜ਼ਮ ਤੋਂ 10 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ।

ਡੀਜੀਪੀ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਲਗਾਤਾਰ ਪਾਕਿਸਤਾਨ ਸਥਿਤ ਤਸਕਰ ਚਾਚਾ ਬਾਵਾ, ਜਿਸਨੇ ਸੂਬੇ ਵਿੱਚ ਹੋਰ ਥਾਈਂ ਸਪਲਾਈ ਕਰਨ ਲਈ ਅਟਾਰੀ ਖੇਤਰ ਵਿੱਚ ਡਰੋਨ ਰਾਹੀਂ ਹੈਰੋਇਨ ਦੀ ਖੇਪ ਭੇਜੀ ਸੀ, ਦੇ ਸਿੱਧੇ ਸੰਪਰਕ ਵਿੱਚ ਸੀ ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ -ਪਿਛਲੇ ਸਬੰਧ ਸਥਾਪਤ ਕਰਨ ਅਤੇ ਇਸ ਨਸ਼ਾ ਤਸਕਰੀ ਰੈਕੇਟ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਹੋਰ ਬਰਾਮਦਗੀ ਅਤੇ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧ ਵਿੱਚ, ਪੁਲਿਸ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਅੰਮ੍ਰਿਤਸਰ ਵਿਖੇ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21, 25 ਅਤੇ 29 ਤਹਿਤ ਐਫ.ਆਈ.ਆਰ. ਨੰਬਰ 8 ਮਿਤੀ 18.02.2025 ਨੂੰ ਕੇਸ ਦਰਜ ਕੀਤਾ ਗਿਆ ਹੈ।

ਸਿਵਲ ਹਸਪਤਾਲ 'ਚ ਮੈਡੀਕਲ ਕਰਵਾਉਣ ਆਏ 2 ਕੈਦੀ ਭੱਜੇ

ਲੁਧਿਆਣਾ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਨਅਤੀ ਸ਼ਹਿਰ ਵਿੱਚ ਸਿਵਲ ਹਸਪਤਾਲ 'ਚ ਅੱਜ ਮੈਡੀਕਲ ਕਰਵਾਉਣ ਆਏ ਦੋ ਕੈਦੀ ਪੁਲੀਸ ਨੂੰ ਝਕਾਨੀ ਦੇ ਫ਼ਰਾਰ ਹੋ ਗਏ। ਜਿਵੇਂ ਹੀ ਕੈਦੀ ਭੱਜੇ ਤਾਂ ਹਸਪਤਾਲ ਵਿੱਚ ਰੌਲਾ ਪੈ ਗਿਆ ਤੇ ਹਫੜਾ-ਦਫੜੀ ਮੱਚ ਗਈ। ਕੈਦੀ ਭੱਜਣ ਦੀ ਖ਼ਬਰ ਫੈਲਦੇ ਹੀ ਪੁਲੀਸ ਮੁਲਾਜ਼ਮ ਵੀ ਉਨ੍ਹਾਂ ਦੇ ਪਿੱਛੇ ਭੱਜੇ।

ਆਖ਼ਰ ਪੁਲੀਸ ਨੇ ਕਾਫ਼ੀ ਦੂਰ ਤੱਕ ਪਿੱਛਾ ਕਰ ਦੋਵੇਂ ਕੈਦੀਆਂ ਨੂੰ ਕਾਬੂ ਕਰ ਲਿਆ। ਭਾਰੀ ਸੁਰੱਖਿਆ ਵਿੱਚ ਦੋਵੇਂ ਕੈਦੀਆਂ ਨੂੰ ਪੁਲੀਸ ਨੇ ਦੁਬਾਰਾ ਮੈਡੀਕਲ ਲਈ ਹਸਪਤਾਲ ਵਿੱਚ ਲਿਆਂਦਾ ਅਤੇ ਮੈਡੀਕਲ ਕਰਵਾਉਣ ਪਿੱਛੋਂ ਉਨ੍ਹਾਂ ਨੂੰ ਜੇਲ੍ਹ ਭੇਜਿਆ। ਜਾਣਕਾਰੀ ਮੁਤਾਬਕ ਪੁਲੀਸ ਚੌਕੀ ਧਰਮਪੁਰਾ ਵਿੱਚ ਤਾਇਨਾਤ ਏਐਸਆਈ ਪਰਮਜੀਤ ਸਿੰਘ ਇਨ੍ਹਾਂ ਦੋ ਕੈਦੀਆਂ ਖੁਸ਼ਕਰਨ ਤੇ ਹਰਚਰਨ ਦਾ ਮੈਡੀਕਲ ਕਰਵਾਉਣ ਲਈ ਸਿਵਲ ਹਸਪਤਾਲ ਲੈ ਕੇ ਆਏ ਸਨ। ਪੁਲੀਸ ਉਨ੍ਹਾਂ ਦਾ ਮੈਡੀਕਲ ਕਰਵਾਉਣ ਲਈ ਹਸਪਤਾਲ ਦੇ ਅੰਦਰ ਖੜ੍ਹੀ ਹੋਈ ਸੀ। ਇਸ ਦੌਰਾਨ ਦੋਵੇਂ ਕੈਦੀ ਪੁਲੀਸ ਮੁਲਾਜ਼ਮਾਂ ਨੂੰ ਝਕਾਨੀ ਦੇ ਫ਼ਰਾਰ ਹੋ ਗਏ। ਪੁਲੀਸ ਨੇ ਜਿਵੇਂ ਹੀ ਦੇਖਿਆ ਕੈਦੀ ਨਹੀਂ ਹਨ ਤਾਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪੁਲੀਸ ਮੁਲਾਜ਼ਮਾਂ ਨੇ ਦੋਵਾਂ ਨੂੰ ਪੂਰੇ ਹਸਪਤਾਲ ਵਿੱਚ ਲੱਭਣਾ ਸ਼ੁਰੂ ਕਰ ਦਿੱਤਾ। ਮੌਕੇ 'ਤੇ ਹੀ ਪੁਲੀਸ ਨੇ ਦੋਵਾਂ ਨੂੰ ਹਸਪਤਾਲ ਦੇ ਬਾਹਰ ਭੱਜਦੇ ਹੋਏ ਗ੍ਰਿਫ਼ਤਾਰ ਕਰ ਲਿਆ।ਜਾਂਚ ਅਧਿਕਾਰੀ ਏਐਸਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਦੋਵੇਂ ਕੈਦੀਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੌਕੇ 'ਤੇ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲੀਸ ਨੇ ਦੱਸਿਆ ਕਿ ਅਦਾਲਤ ਨੇ ਦੋਵਾਂ ਕੈਦੀਆਂ ਨੂੰ ਸਜ਼ਾ ਸੁਣਾਈ ਸੀ, ਜਿਨ੍ਹਾਂ ਨੂੰ ਅੱਜ ਜੇਲ੍ਹ ਛੱਡਣ ਲਈ ਸਿਵਲ ਹਸਪਤਾਲ ਵਿਚ ਮੈਡੀਕਲ ਕਰਵਾਉਣ ਲਈ ਲਿਆਂਦਾ ਗਿਆ ਸੀ।

ਮੁੱਖ ਮੰਤਰੀ ਦਾ 'ਮਿਸ਼ਨ ਰੋਜ਼ਗਾਰ' ਜਾਰੀ, ਪਿਛਲੇ 35 ਮਹੀਨਿਆਂ ਵਿੱਚ 50,892 ਨੌਜਵਾਨਾਂ ਨੂੰ ਦਿੱਤੀਆਂ ਨੌਕਰੀਆਂ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਿਸ਼ਨ ਰੋਜ਼ਗਾਰ ਜਾਰੀ ਰੱਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ 497 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਨਿ ਯੁਕਤੀ ਪੱਤਰ ਸੌਂਪੇ। ਇਸ ਨ

ਨਵ ਲਖਕਾ ਨੂ ਨਜ਼ਰ ਵਿਚ ਰਖਦ ਹਏ ਅਸਾ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

ਸੋਨ ਸੁਨਹਿਰੀ ਕਲਮਾਂ

ਸੰਭਾਵਨਾਵਾਂ ਭਰਪੂਰ ਲੇਖਕ

ਰਾਜ ਹੀਉਂ
9815461875

ਪੰਜਾਬੀਆਂ ਦੀ ਨਵੀਂ ਪੀੜ੍ਹੀ ਕਿਧਰ ਨੂੰ ਹੋ ਤੁਰੀ ਹੈ। ਇਹ ਸਮੁੱਚੇ ਪੰਜਾਬ ਲਈ ਗੰਭੀਰ ਵਿਸ਼ਾ ਹੈ। ਤੱਥ ਗਵਾਹੀ ਭਰਦੇ ਹਨ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੇ ਚੌਥੀ ਕਲਾਸ ਤਕ ਪਹੁੰਚਦਿਆਂ ਪੰਜਾਬੀ ਸਾਹਿਤ ਦੀਆਂ ਚਾਰ ਦਰਜਨ ਕਿਤਾਬਾਂ ਪੜ੍ਹ ਲਈਆਂ ਸਨ। ਅਜੋਕਾ ਨੌਜਵਾਨ ਸੋਸ਼ਲ ਮੀਡੀਏ 'ਤੇ ਤਾਂ ਘੰਟਿਆਂ ਬੱਧੀ ਸਮਾਂ ਗੁਜ਼ਾਰ ਲੈਂਦਾ ਹੈ ਪਰ ਕਿਸੇ ਕਿਤਾਬ ਦੇ ਚਾਰ ਪੰਨੇ ਨਹੀਂ ਪੜ੍ਹ ਸਕਦਾ। ਇਸ ਗੰਭੀਰ ਦੌਰ 'ਚ ਪਿੰਡ ਹੀਉਂ (ਬੰਗਾ) ਵਾਸੀ ਮਾਸਟਰ ਰਾਜ ਹੀਉਂ ਨੇ ਪੜ੍ਹਨ-ਪੜ੍ਹਾਉਣ ਦੇ ਸ਼ੌਕ ਤਹਿਤ ਜਿੱਥੇ ਆਪਣੇ ਘਰ 'ਚ ਮਿੰਨੀ ਲਾਇਬ੍ਰੇਰੀ ਖੋਲ੍ਹ ਰੱਖੀ ਹੈ, ਉੱਥੇ ਰਾਜ ਇਕ ਸੰਜੀਦਾ ਲੇਖਕ ਵੀ ਹੈ। ਕਵਿਤਾ ਨੂੰ ਤਾਂ ਆਪਣੇ ਆਉਂਦੇ-ਜਾਂਦੇ ਸਾਹਾਂ ਵਾਂਗ ਰੱਖਦਾ ਹੈ। ਕੁਦਰਤ ਦੀ ਗੋਦ 'ਚ ਬਹੁਤ ਕੁਝ ਹੈ, ਜੋ ਇਨਸਾਨ ਨੂੰ ਆਪਣੇ ਵੱਲ ਖਿੱਚੀ ਰੱਖਦਾ ਹੈ। ਇਹੀ ਖਿੱਚ ਕਿਸੇ ਪਲ ਕਵਿਤਾ ਬਣ ਕਾਗ਼ਜ਼ਾਂ 'ਤੇ ਉਤਰ ਆਉਂਦੀ ਹੈ। ਗ਼ਜ਼ਲ, ਕਵਿਤਾ, ਗੀਤ ਅਤੇ ਖੁੱਲ੍ਹੀ ਕਵਿਤਾ ਨਾਲ ਸੰਜੋਈ ਕਿਤਾਬ ਜਲਦ ਹੀ ਪਾਠਕਾਂ ਨੂੰ ਦੇ ਰਿਹਾ ਹੈ। ਆਓ ਉਸ ਦੀ ਕਵਿਤਾ ਨਾਲ ਸਾਂਝ ਪਾਈਏ।

• ਹਰਜਿੰਦਰ ਕੌਰ ਚਾਹਲ

ਨਜ਼ਮ

ਮੇਰੀ ਕਵਿਤਾ

ਕਵਿਤਾ ਨੇ ਮੇਰੇ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ,
ਕਵਿਤਾ ਨੇ ਹੀ ਤਾਂ ਮੈਨੂੰ ਜਿਊਣਾ ਸਿਖਲਾਇਆ ਹੈ,
ਕਵਿਤਾ ਹੀ ਹੈ ਜੋ ਕੰਨੋਂ ਫੜ, ਰਾਹੇ ਪਾ ਗਈ ਏ,
ਕਵਿਤਾ ਜਿਸ ਨੇ ਅੰਦਰ ਛੁਪਿਆ ਰਾਜ ਵਿਖਾਇਆ ਹੈ।

ਕਵਿਤਾ ਹੀ ਹੈ, ਜਿਸ ਦੇ ਗਲ਼ ਲੱਗ-ਲੱਗ ਮੈਂ ਰੋਇਆਂ ਹਾਂ,
ਕਵਿਤਾ ਕਰਕੇ ਹੀ ਮੈਂ, ਡਿੱਗ-ਡਿੱਗ ਉੱਠ ਖਲੋਇਆ ਹਾਂ,
ਕਵਿਤਾ ਨੇ ਹੀ ਮੇਥੋਂ ਹਰ, ਹੰਭਲਾ ਮਰਵਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਹੀ ਹੈ ਜੋ ਮੈਨੂੰ, ਮਾਂ ਵਾਂਗ ਪਿਆਰਦੀ ਹੈ,
ਕਵਿਤਾ ਜੋ ਕਦੇ ਬਾਪੂ ਬਣ, ਮੇਰਾ ਰਾਹ ਸ਼ਿੰਗਾਰਦੀ ਹੈ,
ਕਵਿਤਾ ਜਿਸ ਨੇ ਵੱਟ ਘੂਰੀਆਂ, ਸਬਕ ਸਿਖਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਨੇ ਤਾਂ ਮੈਨੂੰ ਫ਼ਰਸੋਂ ਅਰਸ਼ ਵਿਖਾ ਦਿੱਤਾ,
ਕਵਿਤਾ ਨੇ ਹੀ ਭਟਕੇ ਹੋਏ ਨੂੰ, ਰਾਹੇ ਪਾਇਆ ਦਿੱਤਾ,
ਕਵਿਤਾ ਨੇ ਹੀ ਤਾਂ, ਕੁਝ ਸੋਚਣ-ਸਮਝਣ ਲਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ, ਅੱਧੀ ਰਾਤੀ ਮੈਨੂੰ ਛੱਤ 'ਤੇ ਲੈ ਆਉਂਦੀ,
ਕਵਿਤਾ ਹੀ ਜੋ ਤਾਰਿਆਂ ਨਾਲ ਮੇਰੀ ਗੱਲ ਹੈ ਕਰਵਾਉਂਦੀ,
ਕਵਿਤਾ ਨੇ ਹੀ ਪੰਛੀਆਂ ਤੋਂ ਮੇਰਾ ਗੀਤ ਗਵਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਹੈ ਕਿ ਜਿਸ ਨੂੰ ਮੈਂ ਗੋਦੀ ਵਿਚ ਸਵਾਉਂਦਾ ਹਾਂ,
ਕਵਿਤਾ ਹੀ ਹੈ ਜਿਸ ਦੇ ਮੂੰਹ ਵਿਚ ਬੁਰਕੀਆਂ ਪਾਉਂਦਾ ਹਾਂ,
ਕਵਿਤਾ ਜਿਸ ਨੇ ਹਨੇਰਿਆਂ ਵਿਚ ਮੇਰਾ ਨਾਂ ਚਮਕਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਜਿਸ ਤੋਂ ਇਸ਼ਕ ਦਾ ਕਾਇਦਾ ਪੜ੍ਹਨਾ ਸਿੱਖਿਆ ਹੈ,
ਕਵਿਤਾ ਜਿਸ ਤੋਂ ਆਪਣੇ ਆਪ ਨਾ ਲੜਨਾ ਸਿੱਖਿਆ ਹੈ ,
ਕਵਿਤਾ ਜਿਸ ਨੇ, ਮੈਂ 'ਤੇ ਆਪਣਾ ਹੱਕ ਜਿਤਾਇਆ ਹੈ,
ਕਵਿਤਾ ਨੇ ਮੇਰਾ ਹਰ ਦੁੱਖ-ਸੁੱਖ ਵਿਚ ਸਾਥ ਨਿਭਾਇਆ ਹੈ।

ਕਵਿਤਾ ਜੇ ਨਾ ਹੁੰਦੀ, ਕਦੋਂ ਦੇ ਮਰ-ਮੁੱਕ ਜਾਣਾ ਸੀ,
ਕਵਿਤਾ ਬਿਨਾਂ ਤਾਂ ਜੀਵਨ, ਮਕਸਦ ਤੋਂ ਉੱਕ ਜਾਣਾ ਸੀ ,
ਕਵਿਤਾ ਨੇ ਹੀ ਤਾਂ, ਹੀਉਂ ਨਾਲ ਰਾਜ ਲਿਖਾਇਆ ਹੈ,
ਕਵਿਤਾ ਹੀ ਹੈ ਜਿਸ ਨੇ, ਕਵਿਤਾ ਲਿਖਣੇ ਲਾਇਆ ਹੈ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਮਸ਼ੀਨੀ ਜੂਨ ਭੋਗ ਰਿਹੈ ਅਜੋਕਾ ਮਨੁੱਖ

ਤਮ੍ਹਾ ਦਾ ਮਾਰਿਆ ਵਿਅਕਤੀ ਮਸ਼ੀਨ ਬਣਿਆ ਹੋਇਆ ਹੈ। ਅਜਿਹੀ ਜ਼ਿੰਦਗੀ ਤੋਂ ਨਿਜ਼ਾਤ ਪਾਉਣ ਲਈ ਉਸ ਨੂੰ ਜੀਵਨ 'ਚ ਕੁਝ ਤਬਦੀਲੀਆਂ ਕਰਨ ਦੀ ਲੋੜ ਹੈ ਜਿਸ ਨਾਲ ਉਸ ਦੀ ਜ਼ਿੰਦਗੀ 'ਚ ਅਨੰਦ ਦੀ ਪ੍ਰਾਪਤੀ ਹੋ ਸਕੇ।

ਕੁਲਦੀਪ ਸਿੰਘ ਗੁਰਾਇਆਂ

ਅਜੋਕਾ ਮਨੁੱਖ ਦੌੜ ਰਿਹਾ ਹੈ ਤੇ ਬਸ ਦੌੜ ਹੀ ਰਿਹਾ ਹੈ। ਉਸ ਕੋਲ ਇੰਨਾ ਵੀ ਵਕਤ ਨਹੀਂ ਹੈ ਕਿ ਉਹ ਦੋ ਮਿੰਟ ਬਹਿ ਕੇ ਆਪਣੀ ਸਿਹਤ ਤੇ ਜ਼ਿੰਦਗੀ ਬਾਰੇ ਸੋਚ ਸਕੇ ਜਾਂ ਕਹਿ ਲਓ ਉਹ ਇਹ ਸੋਚ ਸਕੇ ਕਿ ਉਹ ਕਿਸ ਲਈ ਜਾਂ ਕਿਉਂ ਦੌੜ ਰਿਹਾ ਹੈ। ਉਸ ਦੀ ਇਹ ਦੌੜ ਦੀ ਮੰਜ਼ਿਲ ਕਿਹੜੀ ਹੈ। ਇਸ ਤਰ੍ਹਾਂ ਪਰੇਸ਼ਾਨੀਆਂ ਦਾ ਘੇਰਿਆ ਹਰ ਵਿਅਕਤੀ ਕਿਸੇ ਨਾ ਕਿਸੇ ਤਮ੍ਹਾ ਦਾ ਮਾਰਿਆ ਮਸ਼ੀਨ ਬਣਿਆ ਹੋਇਆ ਹੈ। ਅਜਿਹੀ ਮਸ਼ੀਨੀ ਜ਼ਿੰਦਗੀ ਤੋਂ ਨਿਜ਼ਾਤ ਪਾਉਣ ਲਈ ਆਪਣੇ ਆਲੇ-ਦੁਆਲੇ ਦੇ ਮਾਹੌਲ ਵਿਚ ਕੁਝ ਤਬਦੀਲੀਆਂ ਕਰਨ ਦੀ ਲੋੜ ਹੈ ਜਿਸ ਨਾਲ ਤੁਹਾਡੀ ਜ਼ਿੰਦਗੀ ਵਿਚ ਅਨੰਦ ਦੀ ਪ੍ਰਾਪਤੀ ਹੋ ਸਕੇ।

ਚੰਗਾ ਪਰਿਵਾਰਿਕ ਮਾਹੌਲ

ਘਰ 'ਕੱਲਾ ਇੱਟਾ ਤੇ ਸੀਮੈਂਟ ਨਾਲ ਨਹੀਂ ਬਣਦਾ। ਘਰ ਪਰਿਵਾਰਕ ਸਾਂਝ, ਪਿਆਰ ਤੇ ਵਿਸ਼ਵਾਸ ਨਾਲ ਬਣਦਾ ਹੈ। ਸਮੇਂ ਨਾਲ ਪਰਿਵਾਰ ਛੋਟੇ ਹੁੰਦੇ ਜਾ ਰਹੇ ਹਨ। ਪਰਿਵਾਰਾਂ ਵਿਚ ਆਪਸੀ ਮੇਲ-ਮਿਲਾਪ ਸੁਖੀ ਪਰਿਵਾਰ ਦੀ ਮਾਨਸਿਕ ਤੇ ਸਰੀਰਕ ਸਿਹਤ ਦਾ ਖ਼ਜ਼ਾਨਾ ਹੁੰਦਾ ਹੈ। ਘਰ 'ਚ ਕਲੇਸ਼ ਹਮੇਸ਼ਾ ਸਰੀਰਕ ਤੇ ਮਾਨਸਿਕ ਬਿਮਾਰੀ ਨੂੰ ਜਨਮ ਦਿੰਦਾ ਹੈ। ਸਦਾ ਸੁਖੀ ਜ਼ਿੰਦਗੀ ਲਈ ਪ੍ਰੇਮ-ਪਿਆਰ ਨਾਲ ਇਕ ਦੂਜੇ ਨਾਲ ਚੰਗਾ ਵਿਹਾਰ ਕਰਨਾ ਚਾਹੀਦਾ ਹੈ।

ਵਿਚਾਰ

ਮਨੁੱਖ ਜਿੰਨੀ ਮਰਜ਼ੀ ਚੰਗੀ ਖ਼ੁਰਾਕ ਖਾ ਲਵੇ ਜੇਕਰ ਉਸ ਦੇ ਵਿਚਾਰ ਠੀਕ ਨਹੀਂ ਹਨ ਤਾਂ ਉਹ ਕਦੇ ਵੀ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਨਹੀਂ ਹੋ ਸਕਦਾ ਗ਼ੁੱਸਾ, ਨਿਰਾਸ਼ਾ ਚਿੰਤਾ ਘਰੇਲੂ ਕਲੇਸ਼ ਮਨੁੱਖ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪਾਉਂਦੇ ਹਨ। ਚੰਗੀ ਖ਼ੁਰਾਕ ਦੇ ਨਾਲ-ਨਾਲ ਚੰਗੇ ਵਿਚਾਰ ਅਤੇ ਕਲੇਸ਼ ਲੜਾਈ ਝੱਗੜੇ ਤੋਂ ਦੂਰ ਰਹਿਣ ਨਾਲ ਮਾਨਸਿਕ ਸ਼ਾਂਤੀ ਤੇ ਅਨੰਦ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹੈ।

ਚੰਗੀ ਸਿਹਤ

ਨਰੋਏ ਤੇ ਤੰਦਰੁਸਤ ਸਰੀਰ ਲਈ ਸਿਰਫ਼ ਖਾਣਾ-ਪੀਣਾ ਹੀ ਜ਼ਰੂਰੀ ਨਹੀਂ ਹੈ ਇਸ ਦੇ ਨਾਲ-ਨਾਲ ਕੀ ਤੇ ਕਦੋਂ ਖਾਣਾ ਹੈ ਵੀ ਬਹੁਤ ਜ਼ਰੂਰੀ ਹੈ। ਸਾਡੀ ਖ਼ੁਰਾਕ ਵਿਚ ਅਨਾਜ, ਸਬੀਜ਼ਾਂ, ਦਾਲਾਂ ਤਾਂ ਹੋਣੀਆਂ ਹੀ ਚਾਹੀਦੇ ਹਨ ਨਾਲ ਫਰੂਟ, ਦੁੱਧ, ਦਹੀ ਲੱਸੀ ਅਤੇ ਜੂਸ ਵੀ ਸਮੇਂ-ਸਮੇਂ ਹੋਣਾ ਚਾਹੀਦਾ ਹੈ। ਚੰਗੀ ਸਿਹਤ ਚੰਗੇ ਖਾਣੇ 'ਤੇ ਨਿਰਭਰ ਕਰਦੀ ਹੈ।

ਕੱਪੜਾ

ਚੰਗੀ ਸਿਹਤ ਲਈ ਕੱਪੜੇ ਦਾ ਬਹੁਤ ਮਹੱਤਵ ਹੈ। ਕੱਪੜੇ ਜਿੱਥੇ ਮਨੁੱਖ ਲਈ ਤਨ ਢਕਣ ਦੇ ਨਾਲ-ਨਾਲ ਚੰਗੀ ਸ਼ਖ਼ਸੀਅਤ ਦਾ ਵੀ ਬਿਆਨ ਹੁੰਦਾ ਹੈ। ਕੱਪੜੇ ਹਮੇਸ਼ ਮੌਸਮ ਅਨੁਸਾਰ ਹੀ ਪਾਉਣੇ ਚਾਹੀਦੇ ਹਨ। ਚੰਗੇ ਰੰਗ ਤੇ ਚੰਗੀ ਕਿਸਮ ਦਾ ਖ਼ਿਆਲ ਵੀ ਮੌਸਮ ਅਨੁਸਾਰ ਰੱਖਣਾ ਚਾਹੀਦਾ ਹੈ। ਸਰਦੀਆਂ 'ਚ ਮੋਟੇ ਗਰਮ ਅਤੇ ਗਰਮੀਆਂ 'ਚ ਪਤਲੇ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ ਤਾਂ ਜੋ ਸਰੀਰ ਦਾ ਤਾਪਮਾਨ ਮੌਸਮ ਅਨੁਸਾਰ ਸਹੀ ਰਹਿ ਸਕੇ।

ਪੌਣ ਪਾਣੀ

ਚੰਗੀ ਸਿਹਤ ਲਈ ਪੌਣ ਪਾਣੀ ਦਾ ਬਹੁਤ ਮਹੱਤਵ ਹੈ। ਸਾਫ਼ ਹਵਾ ਤੇ ਪਾਣੀ ਹਮੇਸ਼ਾ ਹੀ ਮਨੁੱਖ ਨੂੰ ਤੰਦਰੁਸਤ ਰੱਖਦੇ ਹਨ ਸਾਨੂੰ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਾਫ਼ ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਗੰਦੀ ਆਬੋ ਹਵਾ ਅਤੇ ਧੂੜ ਮਿੱਟੀ ਬਿਮਾਰੀਆਂ ਨੂੰ ਜਨਮ ਦਿੰਦੇ ਹਨ, ਇਸ ਲਈ ਹਮੇਸ਼ਾ ਸਫ਼ਾਈ ਪੱਖੋਂ ਕਦੇ ਵੀ ਅਣਗਹਿਲੀ ਨਹੀਂ ਕਰਨੀ ਚਾਹੀਦੀ।

ਸੰਗਤ

ਚੰਗੀ ਸਿਹਤ ਲਈ ਮਨੁੱਖ ਨੂੰ ਚੰਗੇ ਵਿਚਾਰਾਂ ਵਾਲੇ ਵਿਅਕਤੀਆਂ ਦੀ ਸੰਗਤ ਵਿਚ ਰਹਿਣਾ ਚਾਹੀਦਾ ਹੈ। ਚੰਗੇ ਵਿਚਾਰਾਂ ਵਾਲੇ ਵਿਅਕਤੀਆਂ ਤੋਂ ਚੰਗੇ ਵਿਚਾਰ ਸਿੱਖਣ ਨੂੰ ਮਿਲਦੇ ਹਨ, ਜਿਸ ਨਾਲ ਮਨੁੱਖ ਬੁਰਾਈਆਂ ਤੋਂ ਰਹਿੰਦਾ ਹੈ ਮਾੜੇ ਲੋਕਾਂ ਦੀ ਸੰਗਤ ਹਮੇਸ਼ਾ ਸਮਾਜ ਵਿਚ ਬੁਰਾਈਆਂ ਫਲਾਉਂਦੀ ਹੈ, ਜਿਸ ਨਾਲ ਨਸ਼ਾ ਅਤੇ ਲੜਾਈ-ਝਗੜੇ ਹੁੰਦੇ ਹਨ ਜੋ ਮਨੁੱਖ ਦੀ ਸਰੀਰਕ ਤੇ ਮਾਨਸਿਕ ਸਿਹਤ ਲਈ ਹਾਨੀਕਾਰਕ ਸਾਬਤ ਹੁੰਦੇ ਹਨ।

ਚੰਗੀ ਨੀਂਦ ਤੇ ਕਸਰਤ

ਚੰਗੀ ਨੀਂਦ ਮਨੁੱਖ ਲਈ ਬਹੁਤ ਜ਼ਰੂਰੀ ਹੈ। ਇਸ ਨਾਲ ਸਰੀਰਕ ਤੇ ਮਾਨਸਿਕ ਥਕਾਵਟ ਤੋਂ ਛੁਟਕਾਰਾ ਮਿਲਦਾ ਹੈ। ਚੰਗੀ ਨੀਂਦ ਲਈ ਸਮੇਂ ਸਿਰ ਸਾਉਣਾ ਤੇ ਜਾਗਣਾ ਚਾਹੀਦਾ ਹੈ। ਗੁੜ੍ਹੀ ਨੀਂਦ ਲਈ ਬਿਸਤਰ ਅਰਾਮਦਾਇਕ ਤੇ ਮੌਸਮ ਅਨੁਸਾਰ ਹੋਣਾ ਚਾਹੀਦਾ ਹੈ। ਚੰਗੀ ਨੀਂਦ ਦੇ ਨਾਲ-ਨਾਲ, ਚੰਗੀ ਸਿਹਤ ਲਈ ਰੋਜ਼ਾਨਾ ਕਸਰਤ ਅਤੇ ਸੈਰ ਵੀ ਉਮਰ ਮੁਤਾਬਿਕ ਬਹੁਤ ਜ਼ਰੂਰੀ ਹੈ। ਬਜ਼ੁਰਗਾਂ ਤੇ ਨੌਜਵਾਨਾਂ ਲਈ ਕਸਰਤ ਤੇ ਖੇਡਣਾ-ਕੁਦਣਾ ਜ਼ਰੂਰੀ ਹੈ।

ਨੌਕਰੀ ਤੇ ਕਾਰੋਬਾਰ

ਚੰਗੀ ਸਿਹਤ ਤੇ ਮਾਨਸਿਕ ਅਨੰਦ ਲਈ ਚੰਗੀ ਨੌਕਰੀ ਤੇ ਕਾਰੋਬਾਰ ਦਾ ਹੋਣਾ ਬਹੁਤ ਜ਼ਰੂਰੀ ਹੈ। ਕਦੇ ਵੀ ਮਾੜੇ ਕੰਮ ਤੇ ਅਪਰਾਧਿਕ ਤਰੀਕੇ ਨਾਲ ਪੈਸਾ ਨਹੀਂ ਕਮਾਉਣਾ ਚਾਹੀਦਾ। ਸਾਨੂੰ ਅਜਿਹੇ ਕੰਮ ਕਰਨੇ ਚਾਹੀਦੇ ਹਨ ਜੋ ਹਰ ਥਾਂ ਮਾਣ-ਸਨਮਾਨ ਦਵਾ ਸਕਣ। ਜਿਸ ਨਾਲ ਸਾਨੂੰ ਮਾਨਸਿਕ ਅਨੰਦ ਪ੍ਰਾਪਤ ਹੋ ਸਕੇ। ਅਜਿਹੇ ਕੰਮ ਕਰ ਕੇ ਮਨੁੱਖ ਸਰੀਰਕ ਤੇ ਮਾਨਸਿਕ ਤੌਰ 'ਤੇ ਨਿਰੋਗ ਰਹਿ ਸਕਦਾ ਹੈ। •

98788-88722

ਸਿੱਖਿਆ ਤੇ ਜਾਣਕਾਰੀ

ਚੰਗੀ ਸਿਹਤ ਲਈ ਸਿੱਖਿਆ ਅਤੇ ਜਾਣਕਾਰੀ ਦਾ ਬਹੁਤ ਮਹੱਤਵ ਹੈ। ਸਿੱਖਿਆ ਰਾਹੀਂ ਮਨੁੱਖ ਨੂੰ ਚੰਗੇ ਵਾਤਾਵਰਨ ਤੇ ਸਾਇੰਸ ਵਿਸ਼ੇ ਪੜ੍ਹਨੇ ਚਾਹੀਦੇ ਹਨ। ਇਸ ਦੁਆਰਾ ਵਿਟਾਮਿਨ ਅਤੇ ਮਿਨਰਲ ਵਰਗੇ ਖਣਿਜਾ ਦੀ ਸਹੀ ਜਾਣਕਾਰੀ ਲੈ ਕੇ ਆਪਣੀ ਖ਼ੁਰਾਕ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।

ਨਸ਼ਿਆਂ ਤੋਂ ਦੂਰੀ ਬਣਾਉਣਾ

ਨਸ਼ਾ ਕਰਨ ਵਾਲਾ ਵਿਅਕਤੀ ਕਦੇ ਵੀ ਸਰੀਰਕ ਤੇ ਮਾਨਸਿਕ ਤੌਰ 'ਤੇ ਸੁੱਖ ਨਹੀਂ ਭੋਗ ਸਕਦਾ ਅਤੇ ਨਾ ਹੀ ਲੰਬੀ ਉਮਰ ਭੋਗ ਸਕਦਾ ਹੈ। ਅੱਜ ਸਮਾਜ ਵਿਚ ਨਸ਼ਾ ਬਹੁਤ ਭਿਆਨਕ ਰੂਪ ਧਾਰ ਚੁੱਕਾ ਹੈ ਜਿਸ ਨਾਲ ਰਿਸ਼ਤੇ ਟੁੱਟ ਰਹੇ ਹਨ। ਅਪਰਾਧ ਵਧਦਾ ਜਾ ਰਿਹਾ ਹੈ। ਚੰਗੀ ਸਿਹਤ ਲਈ ਨਸ਼ੇ ਤੋਂ ਦੂਰ ਰਹਿਣਾ ਚਾਹੀਦਾ ਹੈ।

ਪੱਤਰ ਹਰੇ ਕਚੂਰ

ਸਮਾਜ ਨੂੰ ਸਮਰਪਿਤ ਸ਼ਾਇਰ

ਸੁਖਵਿੰਦਰ ਸਨੇਹ

ਸਮਾਜਕ ਘਟਨਾਵਾਂ ਦਾ ਜ਼ਿਕਰ ਗੀਤਾਂ, ਕਵਿਤਾਵਾਂ, ਗ਼ਜ਼ਲਾਂ ਰਾਹੀਂ ਕਰਨ ਵਾਲੇ ਨੌਜਵਾਨ ਕਵੀ ਦਾ ਨਾਂ ਹੈ ਸੁਖਵਿੰਦਰ ਸਨੇਹ ਹੈ। ਉਹ ਜ਼ਿਲ੍ਹਾ ਬਰਨਾਲਾ 'ਚ ਪੈਂਦੇ ਪਿੰਡ ਰੂੜੇਕੇ ਕਲਾਂ ਦਾ ਵਸਨੀਕ ਹੈ। ਵਿੰਦਿਅ ਪੱਖੋਂ ਮਸਾਂ ਬਾਰ੍ਹਾਂ ਜਮਾਤਾਂ ਪਾਸ ਕੀਤੀਆਂ। ਪਰਿਵਾਰਕ ਲੋੜਾਂ ਦੀ ਪੂਰਤੀ ਖ਼ਾਤਰ ਉਹ ਟਰਾਈਡੈਂਟ ਫੈਕਟਰੀ ਧੌਲਾ ਵਿਖੇ ਕੰਮ ਕਰਦਾ ਹੈ। ਸਨੇਹ ਦਾ ਸੁਪਨਾ ਤਾਂ ਗਾਇਕ ਬਣਨ ਦਾ ਸੀ ਪਰ ਸਮੇਂ ਦੀ ਹਨੇਰੀ ਨੇ ਕਵੀ ਬਣਾ ਦਿੱਤਾ। ਸ਼ਾਇਰੀ ਦੀਆਂ ਬਰੀਕੀਆਂ ਜਗਰਾਜ ਧੌਲਾ ਅਤੇ ਗੀਤਕਾਰ ਹਾਕਮ ਰੂੜੇਕਿਆਂ ਤੋਂ ਸਿੱਖੀਆਂ।

ਸਨੇਹ ਨੂੰ ਕੁਝ ਵਰ੍ਹੇ ਪਹਿਲਾਂ ਆਪਣੇ ਦਾਦਾ ਰੱਖਾ ਸਿੰਘ ਕੋਲ ਗੁਰੂਦੁਆਰਾ ਭੈਣੀ ਸਾਹਿਬ ਵਿਖੇ ਰਹਿਣ ਦਾ ਮੌਕਾ ਮਿਲਿਆ। ਜੋ ਉੱਥੇ ਮੁੱਖ ਸੇਵਾਦਾਰ ਦੀ ਡਿਊਟੀ ਕਰਦੇ ਸੀ। ਉੱਥੇ ਹੀ ਸਨੇਹ ਦਾ ਮੇਲ ਗੁਰਬਾਣੀ ਦੇ ਪ੍ਰਸਿੱਧ ਰਾਗੀ ਭਾਈ ਬਲਜੀਤ ਸਿੰਘ ਨਾਮਧਾਰੀ ਦਿੱਲੀ ਵਾਲਿਆਂ ਨਾਲ ਹੋਇਆ। ਜਿਨ੍ਹਾਂ ਤੋਂ ਉਨ੍ਹਾਂ ਕਲਾਸੀਕਲ ਸੰਗੀਤ ਦੀ ਤਾਲੀਮ ਹਾਸਿਲ ਕੀਤੀ।

ਉਹ ਪੰਜਾਬੀ ਸਾਹਤਿ ਦੀ ਝੋਲੀ ਇਕ ਕਾਵਿ ਸੰਗ੍ਰਹਿ 'ਚਾਨਣ ਰੰਗੇ ਬੋਲ' ਅਤੇ ਇਕ ਆਡੀਓ ਕੈਸਟ 'ਚੰਨ ਵੇਂ' ਪਾ ਚੁੱਕਾ ਹੈ। ਮਿਆਰੀ ਸਾਹਿਤ ਦੇ ਅਧਿਐਨ ਦੇ ਨਾਲ-ਨਾਲ ਉਹ ਕੀਰਤਨ ਕਰਨ ਵੀ ਜਾਂਦਾ ਹੈ। ਸੁਖਵਿੰਦਰ ਸਨੇਹ ਦੀਆਂ ਕਵਿਤਾਵਾਂ ਪੰਜਾਬੀ ਦੇ ਅਖਵਾਰਾਂ, ਰਸਾਲਿਆਂ ਅਤੇ ਵੱਖ-ਵੱਖ ਚੈਨਲਾਂ 'ਤੇ ਵੀ ਦੇਖਣ ਨੂੰ ਮਿਲਦੇ ਹਨ। ਆਉ ਉਸ ਦੀਆਂ ਰਚਨਾਵਾਂ ਨਾਲ ਸਾਂਝ ਪਾਈਏ।

• ਚਰਨੀ ਬੇਦਿਲ
98724-46509

ਗੀਤ

ਚਿੜੀਆਂ

ਗੁਜ਼ਰ ਗਏ ਸਮਿਆਂ ਦੀਆਂ ਯਾਦਾਂ
ਖੜ੍ਹ ਗਈਆਂ ਬਣ ਕੇ ਪਰਛਾਈਆਂ।
ਅੱਜ ਜਦ ਚਿੜੀਆਂ ਵਿਹੜੇ ਆਈਆਂ
ਅੱਜ ਜਦ ਚਿੜੀਆਂ ਵਿਹੜੇ ਆਈਆਂ।

ਪਤਾ ਨਹੀਂ ਕਦ ਉੱਤਰ ਆਈਆਂ
ਅਰਸ਼ਾਂ ਤੋਂ ਉਹ ਥੱਲੇ।
ਬਿੱਟ-ਬਿੱਟ ਦੇਖੀ ਗਈਆਂ
ਪੱਕੇ ਫਰਸ਼ਾਂ ਦੇ ਵੱਲੇ।
ਪੱਥਰ ਦੇ ਮਕਾਨ ਨੂੰ ਤੱਕ ਕੇ ਨਾ
ਖ਼ੁਸ਼ ਹੋਈਆਂ ਨਾ ਚਹਿਚਾਈਆਂ।
ਅੱਜ ਜਦ ਚਿੜੀਆਂ ਵਿਹੜੇ ਆਈਆਂ।

ਆਲ੍ਹਣਿਆਂ ਦੇ ਫ਼ੂਸ ਵਿਚ ਹਵਾਵਾਂ
ਉਡ ਗਏ ਸਣੇ ਬੱਚੜੇ।
ਨਾ ਹੁਣ ਬੇਬੇ ਬਾਪੂ ਕਿਧਰੇ
ਨਾ ਰੁਖੜੇ ਛੱਤੜੇ।
ਖ਼ਾਲੀ ਖ਼ਾਲੀ

ਮਰਦਾਨਿਆ! ਰਬਾਬ ਵਜਾ...

ਰਮੇਸ਼ ਬੱਗਾ ਚੋਹਲਾ



ਸਿੱਖ ਇਤਿਹਾਸ 'ਚ ਗੁਰੂ ਨਾਨਕ ਦੇਵ ਜੀ ਦਾ ਨਾਂ ਜਿੱਥੇ ਸ਼ਰਧਾ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਉੱਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਲਈ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲ ਬਿਖੜਾ ਪੈਂਡਾ ਤਹਿ ਕੀਤਾ। ਇਸ ਸਫ਼ਰ ਦੌਰਾਨ ਗੁਰੂ ਨਾਨਕ ਦੇਵ ਜੀ ਸਾਥ ਦੇਣ ਵਾਲਿਆਂ ਵਿਚ ਭਾਈ ਮਰਦਾਨਾ ਜੀ ਦਾ ਨਾਂ ਉੱਭਰਵੇਂ ਰੂਪ 'ਚ ਲਿਆ ਜਾਂਦਾ ਹੈ।

ਭਾਈ ਮਰਦਾਨਾ ਜੀ ਦਾ ਪਹਿਲਾ ਨਾਂ ਭਾਈ 'ਦਾਨਾ' ਸੀ। ਉਨ੍ਹਾਂ ਦਾ ਜਨਮ 6 ਫਰਵਰੀ 1459 ਈਸਵੀ ਨੂੰ ਤਲਵੰਡੀ ਰਾਏ ਭੋਏ ਦੇ ਵਸਨੀਕ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲਗਭਗ ਸਵਾ 10 ਸਾਲ ਵੱਡੇ ਸਨ। ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿਚ ਹੀ ਪੈ ਗਈ ਸੀ, ਜੋ ਗੁਰੂ ਸਾਹਿਬ ਪਾਸੋਂ ਮਿਲੇ ਰੱਜਵੇਂ ਪਿਆਰ ਤੇ ਸਤਿਕਾਰ ਕਾਰਣ ਆਖ਼ਰੀ ਦਮ ਤਕ ਕਾਇਮ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ' ਵਰਗੀ ਭਰਾਤਰੀ ਭਾਵ ਵਾਲੀ ਤੇ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ ਅਤੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਮਰਦਾਨਾ ਜੀ ਜਿਥੇ ਉੱਚਕੋਟੀ ਦੇ ਸੰਗੀਤਕਾਰ ਸਨ ਉੱਥੇ ਗੁਰੂ ਸਾਹਿਬ ਦੇ ਸੱਚੇ ਮਿੱਤਰ ਵੀ ਸਨ। ਦੁੱਖ-ਸੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ। ਭਾਈ ਮਰਦਾਨਾ ਦੀ ਦੇ ਪ੍ਰਚਾਰ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ, ਜਿਨ੍ਹਾਂ ਵਿਚ ਭਾਈ ਨੀਰੂ ਜੀ ਦਾ ਨਾਂ ਵੀ ਵਰਨਣਯੋਗ ਹੈ।

ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ 'ਚ ਲਗਪਗ 40,000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫ਼ਰ ਤਹਿ ਕੀਤਾ ਹੈ। ਇਸ ਸਫ਼ਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ 'ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ।' ਅਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਭਾਈ ਮਰਦਾਨਾ ਜੀ ਨੂੰ ਜਿੱਥੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ਼ ਹਾਸਲ ਹੈ ਉੱਥੇ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਵੀ ਮਾਣ ਪ੍ਰਾਪਤ ਹੈ। ਇਹ ਮਾਣ ਸਿਰਫ਼ ਭਾਈ ਮਰਦਾਨਾ ਜੀ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਗੁਰੂ ਅਰਜਨ ਦੇਵ ਜੀ) ਅਤੇ ਛੇਵੀਂ (ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਖ਼ਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸੇ ਘਰਾਣੇ ਨਾਲ ਸਬੰਧਤ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਜੀ (ਚੌਥੀ ਉਦਾਸੀ ਸਮੇਂ) ਅਫ਼ਗਾਨਿਸਤਾਨ ਦੇ ਨਗਰ ਖੁਰਮ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਮਰਦਾਨਾ ਜੀ ਨੂੰ ਗਲ਼ ਨਾਲ ਲਾ ਲਿਆ ਅਤੇ ਬਚਨ ਕੀਤਾ ਕਿ, 'ਮਰਦਾਨਿਆ, ਜੇ ਤੇਰਾ ਚਿੱਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਪਾਣੀ 'ਚ ਸੁੱਟ ਦਿਆਂ, ਖੱਤਰੀ ਵਾਂਗੂ ਸਾੜ ਦਿਆਂ, ਵੈਸ਼ ਵਾਂਗ ਹਵਾ 'ਚ ਉਡਾ ਦਿਆਂ ਜਾਂ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰਾਂ।'।ਬਾਬਾ ਜੀ ਦੇ ਬਚਨਾਂ ਦੇ ਜਵਾਬ 'ਚ ਭਾਈ ਮਰਦਾਨੇ ਨੇ ਕਿਹਾ, 'ਵਾਹ, ਬਾਬਾ ਵਾਹ, ਅਜੇ ਵੀ ਸਰੀਰਾਂ ਦੇ ਚੱਕਰਾਂ 'ਚ ਪਾਈ ਜਾਨੈਂ।'।ਗੁਰੂ ਨਾਨਕ ਦੇਵ ਜੀ ਫਿਰ ਬੋਲੇ, 'ਭਾਈ ਮਰਦਾਨਿਆ, ਜੇ ਕਹੋਂ ਤਾਂ ਤੇਰੀ ਸਮਾਧ ਬਣਾ ਦੇਈਏ?' ਉਸ ਵਕਤ ਭਾਈ ਮਰਦਾਨਾ ਜੀ ਨੇ ਭਾਵਪੂਰਤ ਉੱਤਰ ਦਿੱਤਾ, 'ਬਾਬਾ ਜੀ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ 'ਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ 'ਚ ਪਾਉਣਾ ਚਾਹੁੰਦੇ ਹੋ।' ਆਪਣੇ ਸੱਚੇ ਤੇ ਪੱਕੇ ਸਾਥੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖ਼ੀਰ 12 ਨਵੰਬਰ 1534 ਈਸਵੀ ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ। ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖ਼ਾਕ ਕੀਤਾ, ਜਿਥੇ ਅੱਜ ਵੀ ਉਨ੍ਹਾਂ ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ। •

94631-32719

ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ...

ਬੋਧ ਕਥਾ

ਰਾਜਾ ਭੋਜ ਤੇ ਮਾਘ ਕਵੀ

ਇਕ ਵਾਰ ਰਾਜਾ ਭੋਜ ਤੇ ਮਾਘ ਕਵੀ ਘੁੰਮਦੇ-ਘੁੰਮਦੇ ਉਜੈਨੀ ਤੋਂ ਬਹੁਤ ਦੂਰ ਨਿਕਲ ਗਏ। ਵਾਪਸੀ ਵੇਲੇ ਦੋਵੇਂ ਰਾਹ ਭੁੱਲ ਗਏ। ਇਕ ਥਾਂ ਇਕ ਝੁੱਗੀ ਦਿਸੀ ਤਾਂ ਕੋਲ ਜਾ ਕੇ ਝੁੱਗੀ ਦਾ ਬੂਹਾ ਖੜਕਾਇਆ। ਇਕ ਬਜ਼ੁਰਗ ਔਰਤ ਬਾਹਰ ਆਈ ਤਾਂ ਰਾਜਾ ਭੋਜ ਨੇ ਪੁੱਛਿਆ, 'ਮਾਂ! ਇਹ ਰਾਹ ਕਿੱਥੇ ਜਾਂਦਾ ਹੈ?'

ਝੁੱਗੀ ਵਾਲੀ ਹੱਸੀ ਤੇ ਕਹਿਣ ਲੱਗੀ, 'ਪੁੱਤਰੋ! ਇਹ ਰਾਹ ਕਿਤੇ ਵੀ ਨਹੀਂ ਜਾਂਦਾ ਇਥੇ ਹੀ ਰਹਿੰਦਾ ਏ...।' ਪੁੱਛਿਆ, 'ਪਰ ਰਾਹੀ ਤਾਂ ਕਿਤੇ ਜਾਂਦੇ ਹੋਣਗੇ?'

'ਤੁਸੀਂ ਕੌਣ ਹੋ ਬੇਟਾ!' ਝੁੱਗੀ ਵਾਲੀ ਨੇ ਪੁੱਛਿਆ।

'ਅਸੀਂ ਮੁਸਾਫ਼ਰ ਹਾਂ ਮਾਂ।'

ਝੁੱਗੀ ਵਾਲੀ ਹੱਸ ਪਈ। ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮੁਸਾਫ਼ਰ ਹਨ-ਸੂਰਜ ਤੇ ਚੰਦਰਮਾ। ਤੁਸੀਂ ਕੌਣ ਹੋ?'

ਦੋਹਾਂ ਨੇ ਜਵਾਬ ਵਿਚ ਹੱਸ ਕੇ ਆਖਿਆ, 'ਅਸੀਂ ਛਿਣ ਦੇ ਪ੍ਰਾਹੁਣੇ ਹਾਂ, ਛਿਣ ਦੇ ਪ੍ਰਾਣੀ।'

ਝੁੱਗੀ ਵਾਲੀ ਕਹਿਣ ਲੱਗੀ-'ਪੁੱਤਰੋ! ਦੁਨੀਆ ਵਿਚ ਦੋ ਹੀ ਛਿਣ ਦੇ ਪ੍ਰਾਹੁਣੇ ਹਨ-ਇਕ ਜਵਾਨੀ ਤੇ ਦੂਜੀ ਦੌਲਤ। ਤੁਸੀਂ ਕੌਣ ਹੋ?'

ਉਸ ਵੇਲੇ ਰਾਜਾ ਭੋਜ ਨੇ ਕਿਹਾ, 'ਅਸੀਂ ਰਾਜੇ ਹਾਂ।'

ਝੁੱਗੀ ਵਾਲੀ ਫਿਰ ਮੁਸਕਰਾਈ। ਕਹਿਣ ਲੱਗੀ, 'ਰਾਜੇ ਤਾਂ ਦੋ ਹੀ ਹਨ-ਇਕ ਇੰਦਰ ਤੇ ਦੂਜਾ ਯਮ। ਤੁਸੀਂ ਕੌਣ ਹੋ?'

ਉਸ ਵੇਲੇ ਮਾਘ ਕਵੀ ਨੇ ਹਿੰਮਤ ਜੋੜੀ ਤੇ ਕਿਹਾ, 'ਅਸੀਂ ਖਿਮਾਵਾਨ ਹਾਂ।'

ਝੁੱਗੀ ਵਾਲੀ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਖਿਮਾਵਾਨ ਹਨ-ਇਕ ਧਰਤੀ ਤੇ ਦੂਜੀ ਇਸਤਰੀ। ਤੁਸੀਂ ਕੌਣ ਹੋ?'

ਰਾਜਾ ਭੋਜ ਵੀ ਪਰੇਸ਼ਾਨ ਹੋਇਆ ਤੇ ਮਾਘ ਕਵੀ ਵੀ। ਕਹਿਣ ਲੱਗੀ, 'ਅਸੀਂ ਮਾਲਕ ਤੇ ਸੇਵਕ ਹਾਂ।'

ਉਹ ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮਾਲਕ ਤੇ ਸੇਵਕ ਹੋਏ ਹਨ-ਰਾਮ ਤੇ ਹਨੂਮਾਨ। ਤੁਸੀਂ ਕੌਣ ਹੋ?'

'ਅਸੀਂ ਹਾਰ ਗਏ ਮਾਂ' ਰਾਜੇ ਨੇ ਵੀ ਕਿਹਾ ਤੇ ਕਵੀ ਨੇ ਵੀ।

ਉਹ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਬੰਦੇ ਹਾਰਦੇ ਹਨ-ਇਕ ਦੇਣਦਾਰ ਤੇ ਦੂਜਾ ਧੀ ਦਾ ਬਾਪ। ਤੁਸੀਂ ਕੌਣ ਹੋ?'

ਸਵਾਲ-ਜਵਾਬ ਦੀ ਇਹ ਹਾਰ ਇਹੋ ਜਿਹੀ ਸੀ ਕਿ ਨਾ ਰਾਜਾ ਭੋਜ ਤੋਂ ਕੁਝ ਬੋਲਿਆ ਗਿਆ ਤੇ ਨਾ ਹੀ ਮਾਘ ਕਵੀ ਤੋਂ। ਝੁੱਗੀ ਵਾਲੀ ਕਹਿਣ ਲੱਗੀ, 'ਅਹੁ ਸਾਹਮਣੇ ਵਾਲਾ ਰਾਹ ਫੜ ਲਵੋ, ਸਿੱਧਾ ਉਜੈਨੀ ਪਹੁੰਚ ਜਾਓਗੇ।' •



ਹਰਿ ਰਾਇ ਜੀ ਨੂੰ ਗੁਰੂ ਦਾਦਾ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਦੁੱਖ ਵੰਡਾਉਣ ਵਾਲੇ, ਬੰਦਗੀ 'ਚ ਲੀਨ ਰਹਿਣ ਵਾਲੇ ਹੋਣ ਕਾਰਨ 14 ਸਾਲ ਦੀ ਉਮਰ 'ਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਸੀ...

ਸਿਮਰੌ ਸ੍ਰੀ ਹਰਿ ਰਾਇ

ਮਨਜੀਤ ਸਿੰਘ ਜ਼ੀਰਕਪੁਰ

ਦਇਆ ਦੇ ਸਾਗਰ, ਸ਼੍ਰੋਮਣੀ ਵੈਦ, ਨਿਮਰਤਾ ਦੇ ਪੁੰਜ, ਸ਼ਾਂਤੀ ਦੇ ਮਸੀਹਾ, ਵਾਤਾਵਰਨ ਦੇ ਰਖਵਾਲੇ ਸਤਿਗੁਰੂ ਹਰਿ ਰਾਇ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਸੱਤਵੇਂ ਵਾਰਿਸ, ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਮ ਪਿਆਰੇ ਪੋਤਰੇ, ਬਾਬਾ ਗੁਰਦਿੱਤਾ ਸਾਹਿਬ ਤੇ ਪੂਜਨੀਕ ਮਾਤਾ ਨਿਹਾਲ ਕੌਰ ਜੀ ਦੇ ਹੋਣਹਾਰ ਫਰਜ਼ੰਦ ਮਨੁੱਖਤਾ ਦੇ ਭਲੇ ਲਈ 1631 ਈਸਵੀ ਵਿਚ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਪਰ ਪਰਗਟ ਭਏ।

ਕੋਮਲ ਚਿਤ, ਸਤਿਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰੂ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਗੁਰੂ ਦੇ ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਸਭ ਦਾ ਦੁੱਖ ਵੰਡਾਉਣ ਵਾਲੇ, ਸ਼ਾਂਤ ਚਿਤ, ਪ੍ਰਭੂ ਪਰਮਾਤਮਾ ਦੀ ਬੰਦਗੀ 'ਚ ਲੀਨ ਰਹਿਣ ਵਾਲੇ, ਬਚਪਨ ਤੋਂ ਹੀ ਬੈਰਾਗੀ ਸੁਭਾਅ ਦੇ ਮਾਲਕ, ਗਊ ਗ਼ਰੀਬ ਦੀ ਰੱਖਿਆ ਲਈ ਤਤਪਰ ਰਹਿਣ ਵਾਲੇ ਹੋਣ ਕਾਰਨ 14 ਕੁ ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਤੇ ਆਪ ਛੇਵੇਂ ਗੁਰੂਦੇਵ ਸਚਖੰਡ ਪਧਾਰ ਗਏ।

ਸਤਿਗੁਰੂ ਹਰਿ ਰਾਇ ਸਾਹਿਬ ਜਿੱਥੇ ਅਨੇਕ ਸ਼ੁੱਭ ਗੁਣ ਸੰਪੰਨ ਸਨ ਉੱਥੇ ਆਪ ਉੱਚ ਕੋਟੀ ਦੇ ਵੈਦ ਵੀ ਸਨ। ਗੁਰਬਾਣੀ ਦੀ ਪੰਕਤੀ ਮੇਰਾ ਵੈਦ ਗੁਰੂ ਗੋਬਿੰਦ ਨੂੰ ਵੀ ਸਾਰਥਕ ਕਰ ਵਖਾਇਆ। ਸ੍ਰੀ ਕੀਰਤਪੁਰ ਸਾਹਿਬ ਜੀ ਦੀ ਧਰਤੀ 'ਤੇ ਇਕ ਬਹੁਤ ਵੱਡਾ ਦਵਾਖ਼ਾਨਾ ਵੀ ਚਲਾਇਆ, ਜਿੱਥੋਂ ਸੰਸਾਰੀ ਜੀਵਾਂ ਨੂੰ ਮੁਫ਼ਤ ਇਲਾਜ ਪ੍ਰਾਪਤ ਹੁੰਦਾ। ਆਪ ਨੇ ਛੋਟੇ ਜਿਹੇ ਜੀਵਨਕਾਲ ਵਿਚ ਅਨੇਕਾਂ ਵੈਦ ਤਿਆਰ ਕੀਤੇ, ਜੜ੍ਹੀ-ਬੂਟੀਆਂ ਦਾ ਵੱਡਾ ਸੰਗ੍ਰਹਿ ਕੀਤਾ, ਦੂਰੋਂ-ਦੂਰੋਂ, ਭਿੰਨ-ਭਿੰਨ ਰੋਗਾਂ ਤੋਂ ਗ੍ਰਸਤ ਲੋਕ ਬਿਮਾਰੀ ਦਾ ਇਲਾਜ ਕਰਵਾਉਣ ਲਈ ਆਪ ਕੋਲ ਆਉਂਦੇ। ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਰੋਗੀਆਂ ਵਿਚ ਹਿੰਦੁਸਤਾਨ ਦੇ ਬਾਦਸ਼ਾਹ ਸ਼ਾਹਜਹਾਂ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਦਾ ਇਲਾਜ ਵੀ ਹੋਇਆ ਤੇ ਉਹ ਵੀ ਬਿਲਕੁਲ ਮੁਫ਼ਤ। ਇਵਜ਼ਾਨੇ ਵਿਚ ਜਹਾਂਗੀਰ ਦੀ ਪੇਸ਼ਕਸ਼ ਨੂੰ ਸਤਿਗੁਰੂਆਂ ਨੇ ਸਹਿਜ ਭਾਵ ਨਾਲ ਠੁਕਰਾ ਦਿੱਤਾ। ਐਸੇ ਤਿਆਗ ਦੀ ਮੂਰਤ ਸਨ ਗੁਰੂ ਹਰਿ ਰਾਇ ਸਾਹਿਬ। ਉਨ੍ਹਾਂ ਦੀ ਹਜ਼ੂਰੀ 'ਚ ਕੇਵਲ ਸਰੀਰਕ ਰੋਗਾਂ ਦਾ ਇਲਾਜ ਹੀ ਨਹੀਂ ਸੀ ਹੁੰਦਾ ਮਾਨਸਿਕ ਮਰੀਜ਼ਾਂ ਨੂੰ ਵੀ ਤੰਦਰੁਸਤੀ ਦੀ ਬਖ਼ਸ਼ਿਸ਼ ਕੀਤੀ ਜਾਂਦੀ ਸੀ। ਨਾਮ ਬਾਣੀ ਨਾਲ ਜੋੜਿਆ ਜਾਂਦਾ, ਪ੍ਰਭੂ ਚਰਨਾਂ ਨਾਲ, ਗੁਰੂ ਚਰਨਾਂ ਨਾਲ ਜੋੜ ਕੇ, ਮਾਨਸਿਕ ਪੱਧਰ 'ਤੇ ਉੱਚਿਆਂ ਉਠਾ ਕੇ, ਉੱਚਾ-ਸੁੱਚਾ ਵਾ ਇਖ਼ਲਾਕੀ ਜੀਵਨ ਬਤੀਤ ਕਰਨ ਹਿਤ ਉਪਦੇਸ਼ ਦੇ ਕਰ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪ ਜੀ ਦਾ ਬੇਜੋੜ ਉਪਰਾਲਾ ਕੀਤਾ ਜੋ ਜੁਗਾਂ ਤੀਕਰ ਯਾਦ ਰੱਖਿਆ ਜਾਵੇਗਾ।

ਲੇਖਕ ਆਪ ਜੀ ਨੂੰ ਇਸੇ ਕਰਕੇ 'ਸ਼੍ਰੋਮਣੀ ਵੈਦ' ਲਿਖ ਕੇ ਨਮਨ ਕਰਦਾ ਹੈ ਕਿ ਆਪ ਨੇ ਕੇਵਲ ਸਰੀਰਕ ਕਸ਼ਟ ਹੀ ਦੂਰ ਨਹੀਂ ਕੀਤੇ ਬਲਕਿ ਮਾਨਸਿਕ ਪੀੜਾ ਤੇ ਚਿਤ ਦੀਆਂ ਚਿੰਤਾਵਾਂ ਨੂੰ ਵੀ ਹਰਿਆ। ਕਿਹਾ ਜਾ ਸਕਦਾ ਹੈ ਕਿ ਰੈੱਡ ਕਰਾਸ ਵਰਗੀਆਂ ਸੰਸਥਾਵਾਂ ਦੀ, ਮੁਫ਼ਤ ਮੈਡੀਕਲ ਕੈਂਪਾਂ ਦੀ, ਮੁਫ਼ਤ ਸਿਹਤ ਸੇਵਾਵਾਂ ਦੇਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਆਦਿ ਸਭ ਕਾਸੇ ਦੇ ਮੋਢੀ ਸਨ ਗੁਰੂ ਹਰਿ ਰਾਇ ਸਾਹਿਬ। ਅਸੀਂ ਸਭ ਭਲੀ ਪ੍ਰਕਾਰ ਜਾਣਦੇ ਹਾਂ ਕਿ 'ਲੰਗਰ' ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਉਣਾ ਕੀਤੀ ਸੀ, ਠੰਡੇ ਪਾਣੀ ਦੀ ਛਬੀਲ ਲਾਉਣ ਦੀ ਸੇਵਾ, ਪਿਆਸੇ ਰਾਹੀਗਰਾਂ ਨੂੰ ਸਵੱਛ ਜਲ ਛਕਾਉਣ ਦੀ ਸੇਵਾ ਸ਼ੁਰੂ ਕੀਤੀ ਸੀ-ਬਾਬੇ ਨਾਨਕ ਜੀ ਨੇ। ਦਿੱਲੀ-ਲਾਹੌਰ ਸ਼ਾਹੀ ਮਾਰਗ ਪਰ ਬੈਠ ਕਰ ਗੁਰਦੁਆਰਾ ਨਾਨਕ ਪਿਆਊ ਸਾਹਿਬ ਦਿੱਲੀ ਵਿਖੇ ਆਪ ਨੇ ਪਿਆਸੇ ਰਾਹੀਆਂ ਨੂੰ ਜਲ ਛਕਾ ਕੇ ਤ੍ਰਿਪਤ ਕੀਤਾ, ਜਿੱਥੇ ਆਪ ਸਰੀਰ ਦੀ ਪਿਆਸ ਜਲ ਛਕਾ ਕੇ ਬੁਝਾਉਂਦੇ ਸਨ? ਤ੍ਰਿਪਤ ਕਰਦੇ ਸਨ, ਉੱਥੇ ਮਨ ਦੀ ਪਿਆਸ ਵੀ ਨਾਮ ਬਾਣੀ ਦਾ ਛੱਟਾ ਮਾਰ ਕੇ ਬੁਝਾਉਂਦੇ ਸਨ, ਤ੍ਰਿਪਤ ਕਰਦੇ ਸਨ, ਐਵੇਂ ਤਾਂ ਨਹੀਂ ਸੰਸਾਰ ਦੇ ਲੋਕ ਜਗਤ ਗੁਰੂ ਬਾਬੇ ਨਾਨਕ ਨੂੰ 'ਮਾਤਾ ਤ੍ਰਿਪਤਾ ਦਾ ਲਾਲ' ਕਹਿੰਦੇ। ਸਭ ਨੂੰ ਤ੍ਰਿਪਤ ਕਰੀ ਜਾਂਦੇ ਸਨ ਜਗਤ ਗੁਰੂ ਬਾਬਾ ਨਾਨਕ। ਜਿੱਥੇ ਲੰਗਰ-ਪਾਣੀ ਦੀ ਸੇਵਾ ਦੀ ਰੀਤ ਬਾਬੇ ਨਾਨਕ ਜੀ ਨੇ ਚਲਾਈ ਉੱਥੇ ਮੁਫ਼ਤ ਸਿਹਤ ਸਹੂਲਤਾਂ ਦੇਣ ਦੀ ਪ੍ਰਥਾ ਚਲਾਈ 7ਵੇਂ ਨਾਨਕ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ। ਗੁਰੂ ਜੀ ਦੇ ਦਰਸਾਏ ਇਸ ਪਰਉਪਕਾਰੀ ਮਾਰਗ 'ਤੇ ਚੱਲਣ ਵਾਲਿਆਂ ਨੂੰ ਮੁਫ਼ਤ ਸਿਹਤ ਸਹੂਲਤ

ਪੰਜਾਬ ਸਰਕਾਰ ਵਲੋਂ ਸਪਾਂਸਰਸ਼ਿਪ ਫੋਸਟਰ ਕੇਅਰ ਸਕੀਮ ਅਧੀਨ 7 ਕਰੋੜ ਰੁਪਏ ਵੰਡੇ ਜਾ ਚੁੱਕੇ: ਡਾ. ਬਲਜੀਤ ਕੌਰ

➢ ਜਲਦ ਹੀ ਬੇਸਹਾਰਾ ਬੱਚਿਆਂ ਲਈ ਗੁਰਦਾਸਪੁਰ ਅਤੇ ਮਲੇਰਕੋਟਲਾ ਵਿੱਚ ਬਣਾਏ ਜਾਣਗੇ 2 ਨਵੇਂ ਹੋਮ ➢ ਸੂਬਾ ਸਰਕਾਰ ਨੇ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਉਣ ਲਈ ਯਤਨ ਕੀਤੇ ਤੇਜ਼ ➢ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਹੀਨਾ ਜੁਲਾਈ ਤੋਂ ਹੁਣ ਤੱਕ ਕੁੱਲ 268 ਬੱਚੇ ਰੈਸਕਿਊ ਕੀਤੇ

ਚੰਡੀਗੜ੍ਹ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵਲੋਂ ਸਪਾਂਸਰਸ਼ਿਪ ਫੋਸਟਰ ਕੇਅਰ ਸਕੀਮ ਅਧੀਨ 7 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ ਅਤੇ ਮੌਜੂਦਾ ਸਮੇਂ ਸੂਬੇ ਵਿੱਚ, 4000 ਦੇ ਕਰੀਬ ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਅਧੀਨ ਲਾਭ ਦਿੱਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਸਪਾਂਸਰਸ਼ਿਪ ਫੋਸਟਰ ਕੇਅਰ ਸਕੀਮ ਦਾ ਲਾਭ ਲੈ ਰਹੇ ਲਾਭਪਾਤਰੀਆਂ ਨਾਲ ਅੱਜ ਮਿਮਿਟ ਕਾਲਜ ਮਲੋਟ ਵਿਖੇ ਮਿਲਣੀ ਦੌਰਾਨ ਕੀਤਾ।

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਵਿਭਾਗ ਵੱਲੋਂ ਬਾਲ ਅਧਿਕਾਰਾਂ ਅਤੇ ਰੱਖਿਆ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਵਿਭਾਗ ਵੱਲੋਂ ਸਪਾਂਸਰਸ਼ਿਪ ਸਕੀਮ ਅਧੀਨ ਵਿੱਤੀ ਸਹਾਇਤਾ ਦੇਣ ਦਾ ਉਪਬੰਧ ਹੈ ਤਾਂ ਜੋ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨਾਲ ਸਬੰਧ ਰੱਖਣ ਵਾਲੇ ਪਰਿਵਾਰਾਂ ਦੇ ਬੱਚਿਆ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਬੱਚੇ ਨੂੰ ਇੱਕ ਪਰਿਵਾਰ ਵਿੱਚ ਬਣੇ ਰਹਿਣ ਅਤੇ ਉਸਦੀ ਸਿੱਖਿਆ ਜਾਰੀ ਰੱਖਣ ਦੇ ਯੋਗ ਬਣਾਇਆ ਜਾ ਸਕੇ। ਇਸ ਸਕੀਮ ਤਹਿਤ ਬੱਚਿਆਂ ਨੂੰ 18 ਸਾਲ ਦੀ ਉਮਰ ਤੱਕ, 4000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ।

ਉਹਨਾ ਕਿਹਾ ਕਿ ਸਪਾਂਸਰਸ਼ਿਪ ਸਕੀਮ ਅਧੀਨ ਉਨ੍ਹਾਂ ਪਰਿਵਾਰਾਂ ਨੂੰ ਲਾਭ ਦਿੱਤਾ ਜਾਂਦਾ ਹੈ ਜਿਨ੍ਹਾਂ ਦੀ ਸਲਾਨਾ ਆਮਦਨ ਸ਼ਹਿਰੀ ਖੇਤਰ ਵਿੱਚ 92000 ਰੁਪਏ ਤੱਕ ਹੈ ਅਤੇ ਪੇਂਡੂ ਖੇਤਰਾਂ ਦੇ ਪਰਿਵਾਰ ਦੀ ਸਲਾਨਾ ਆਮਦਨ 72000 ਰੁ ਤੱਕ ਹੈ। ਜੇਕਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰ ਵਿੱਚ ਬੱਚੇ ਨੂੰ ਸਪਾਂਸਰਸ਼ਿਪ ਸਕੀਮ ਦਾ ਲਾਭ ਲੈਣਾ ਹੈ ਤਾਂ ਉਸ ਸਕੀਮ ਸਬੰਧੀ, ਯੋਗਤਾਵਾਂ, ਆਦਿ ਸਬੰਧੀ ਸੂਚਨਾ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਤੋਂ ਪ੍ਰਾਪਤ ਕਰ ਕੇ, ਅਰਜ਼ੀ ਦੇ ਸਕਦਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਬਾਲ ਭੀਖ ਮੰਗਣ ਦੇ ਸਮਾਜਿਕ ਖ਼ਤਰੇ ਦਾ ਮੁਕਾਬਲਾ ਕਰਨ ਲਈ ਇੱਕ ਨਿਰੰਤਰ ਯਤਨ ਰਾਹੀਂ, ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਬਾਲ ਭੀਖ ਮੰਗਣ ਵਿੱਚ ਸ਼ਾਮਲ ਬੱਚਿਆਂ ਦੇ ਬਚਪਨ ਨੂੰ ਸੁਰੱਖਿਅਤ ਕਰਨ ਲਈ ਰਾਜ ਵਿੱਚ ਪ੍ਰੋਜੈਕਟ ਜੀਵਨਜੋਤ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਅਧੀਨ ਬਾਲ ਭਿੱਖਿਆ ਵਿੱਚ ਸ਼ਾਮਲ ਬੱਚਿਆਂ ਨੂੰ ਰੈਸਕਿਊ ਅਤੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮਹੀਨੇ ਦੇ ਹਰ ਦੂਜੇ ਹਫਤੇ ਇਹ ਮੁਹਿੰਮ ਚਲਾਈ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਹੀਨਾ ਜੁਲਾਈ ਤੋਂ ਹੁਣ ਤੱਕ ਕੁੱਲ 268 ਬੱਚੇ ਰੈਸਕਿਊ ਕੀਤੇ ਗਏ ਹਨ। ਜਿਨ੍ਹਾਂ ਵਿੱਚੋਂ 19 ਬੱਚਿਆਂ ਦਾ ਕੋਈ ਆਸਰਾ ਨਾਂ ਹੋਣ ਕਰਕੇ ਸੂਬੇ ਵਿੱਚ ਚਲਾਏ ਜਾ ਰਹੇ ਬਾਲ ਘਰਾਂ ਵਿੱਚ ਭੇਜਿਆ ਗਿਆ ਹੈ।

ਇਨ੍ਹਾਂ ਬਾਲ ਘਰਾਂ ਵਿੱਚ ਬੱਚਿਆਂ ਨੂੰ ਪੜ੍ਹਾਈ, ਖਾਣਾ, ਸਿਹਤ ਸਹੂਲਤਾਂ, ਆਦਿ ਦਿੱਤੀਆਂ ਜਾ ਰਹੀਆਂ ਹਨ। ਬਾਕੀ ਬੱਚਿਆਂ ਨੂੰ ਬਾਲ ਭਲਾਈ ਕਮੇਟੀ ਰਾਹੀਂ ਓਨ੍ਹਾਂ ਦੇ ਮਾਪਿਆਂ ਨੂੰ ਸਪੁਰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ 18 ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਦਾ ਲਾਭ, 119 ਬੱਚਿਆਂ ਨੂੰ ਸਕੂਲ ਵਿੱਚ ਦਾਖਲਾ ਕਰਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਜਲਦ ਹੀ ਬੇਸਹਾਰਾ ਬੱਚਿਆਂ ਲਈ 2 ਨਵੇਂ ਹੋਮ ਗੁਰਦਾਸਪੁਰ ਅਤੇ ਮਲੇਰਕੋਟਲਾ ਵਿੱਚ ਬਣਾਉਣ ਜਾ ਰਹੀ ਹੈ ਅਤੇ ਅਗਲੇ ਵਿੱਤੀ ਸਾਲ ਦੌਰਾਨ ਇਹਨਾਂ ਪ੍ਰੋਜੈਕਟਾਂ ਨੂੰ ਸ਼ੁਰੂ ਕੀਤਾ ਜਾਵੇਗਾ। ਉਹਨਾਂ ਇਹ ਵੀ ਦੱਸਿਆ ਕਿ ਬੇਸਹਾਰਾ ਬੱਚਿਆਂ ਨੂੰ ਘਰ ਦਾ ਮਾਹੌਲ ਦੇਣ ਲਈ ਸਰਕਾਰ ਵੱਲੋ 16 ਅਡਾਪਸ਼ਨ ਏਜੰਸੀਆਂ ਸਥਾਪਿਤ ਕੀਤੀਆਂ ਗਈਆਂ ਹਨ।

ਕੈਬਨਿਟ ਮੰਤਰੀ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਸਪਾਂਸਰਸ਼ਿਪ ਫੋਸਟਰ ਕੇਅਰ ਸਕੀਮ ਅਧੀਨ ਪੰਜਾਬ ਵਿੱਚ ਚਾਰ ਹਜ਼ਾਰ ਅਜਿਹੇ ਬੱਚਿਆ ਦੀ ਭਾਲ ਕੀਤੀ ਗਈ ਹੈ, ਜਿਹੜੇ ਕਿਸੇ ਮਜਬੂਰੀ ਕਾਰਣ ਹੋਟਲਾ, ਢਾਬਿਆਂ,ਸੜਕਾਂ ਤੇ ਭੀਖ ਮੰਗਦੇ ਪਾਏ ਗਏ ਹਨ ਜਾਂ ਅਜਿਹੇ ਬੱਚੇ ਜਿਹਨਾਂ ਦੇ ਮਾਂ—ਬਾਪ ਗਰੀਬੀ ਕਾਰਨ ਪੜ੍ਹਾਈ ਨਹੀਂ ਕਰ ਪਾ ਰਹੇ ਸਨ, ਉਹਨਾਂ ਨੂੰ ਇਸ ਸਕੀਮ ਅਧੀਨ ਲਿਆਂਦਾ ਗਿਆ ਹੈ।

ਇਸ ਮੌਕੇ ਤੇ ਡਾ. ਬਲਜੀਤ ਕੌਰ ਨੇ ਜਿ ?ਲ੍ਹਾ ਬਾਲ ਸੁਰੱਖਿਆ ਯੂਨਿਟ ਸ੍ਰੀ ਮੁਕਤਸਰ ਸਾਹਿਬ ਵੱਲੋਂ ਲੋੜਵੰਦ ਤੇ ਸਾਂਭ ਸੰਭਾਲ ਅਤੇ ਜ਼ਰੂਰਤਮੰਦ ਬੱਚਿਆਂ ਨੂੰ ਸਪਾਂਸਰਸ਼ਿਪ ਫੋਸਟਰ ਕੇਅਰ ਸਕੀਮ ਅਧੀਨ ਜਿ ?ਲ੍ਹੇ ਦੇ 689 ਬੱਚਿਆਂ ਨੂੰ 1 ਕਰੋੜ 9 ਲੱਖ 4 ਹਜ਼ਾਰ ਰੁਪਏ ਦੀ ਰਾਸ਼ੀ ਵੰਡੀ।

ਉਹਨਾਂ ਸਮਾਜ ਸੇਵੀ ਸੰਸਥਾਵਾਂ,ਪਤਵੰਤੇ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਹਨਾਂ ਦੇ ਧਿਆਨ ਵਿੱਚ ਲੋੜਵੰਦ ਬੱਚੇ ਆਉਣ ਤਾਂ ਉਹਨਾਂ ਦੀ ਜਰੂਰ ਮੱਦਦ ਕੀਤੀ ਜਾਵੇ।

ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਭੀਖ ਮੰਗਵਾਉਣ ਜਾਂ ਕੰਮ ਕਰਵਾਉਣ ਦੀ ਥਾਂ ਤੇ ਉਹਨਾਂ ਨੂੰ ਸਕੂਲ ਵਿੱਚ ਜਰੂਰ ਪੜ੍ਹਾਈ ਕਰਵਾਉਣ ਤਾਂ ਜੋ ਇਹ ਬੱਚੇ ਪੜ੍ਹ ਲਿਖ ਕੇ ਆਪਣੇ ਪੈਰਾ ਤੇ ਖੜ੍ਹੇ ਹੋ ਸਕਣ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ.ਜਗਦੇਵ ਸਿੰਘ ਬਾਮ ਚੇਅਰਮੈਨ, ਪ੍ਰਿੰਸੀਪਲ ਜਸਕਰਨ ਸਿੰਘ ਭੁੱਲਰ, ਸ੍ਰੀਮਤੀ ਰਤਨਦੀਪ ਕੌਰ ਜਿ ?ਲ੍ਹਾ ਪ੍ਰੋਜੈਕਟ ਅਫਸਰ, ਡਾ. ਸਿ ?ਵਾਨੀ ਨਾਗਪਾਲ ਤਹਿਸੀਲਦਾਰ ਅੰਜੂ ਬਾਲਾ ਸਿਮਰਨਜੀਤ ਸਿੰਘ ਬਲਾਕ ਪ੍ਰਧਾਨ, ਗਗਨਦੀਪ ਸਿੰਘ ਔਲ੖ਖ ਬਲਾਕ ਪ੍ਰਧਾਨ ਲਾਭ ਬੱਤਰਾ ਪ੍ਰਧਾਨ ਟਰੱਕ ਯੂਨੀਅਨ, ਮੀਕਾ ਈਨਾ ਖੇੜਾ, ਅਮਰੀਕ ਸਿੰਘ ਭੁੱਲਰ, ਗੁਰਮੀਤ ਸਿੰਘ ਵਿਰਦੀ, ਗੁਰਪ੍ਰੀਤ ਸਿੰਘ ਸਰਾਂ ਵਿਰਕ ਖੇੜਾ,ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਸਟੇਜ਼ ਸਕੱਤਰ ਅਤੇ ਪਤਵੰਤੇ ਵਿਅਕਤੀ ਮੌਜੂਦ ਸਨ।

ਐਫ. ਐਮ. ਰੇਡੀਓ ਬਠਿੰਡਾ ਵਿਖੇ ਮਨਾਇਆ ਗਿਆ ਕਿਸਾਨ ਦਿਵਸ

ਬਠਿੰਡਾ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਕਿਸਾਨ ਦਿਵਸ ਆਕਾਸ਼ਵਾਣੀ ਬਠਿੰਡਾ ਦੇ ਵੇਹੜੇ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਵੱਖ ਵੱਖ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਖੇਤੀ ਮਾਹਿਰਾਂ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਖੇਤੀਬਾੜੀ ਦੇ ਵੱਖ-ਵੱਖ ਖੇਤਰਾਂ ਵਿੱਚ ਅਗਾਂਹ ਵਧੂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਵੀ ਇਸ ਸਮਾਰੋਹ ਵਿੱਚ ਲਿਆ। ਕਿਸਾਨ ਦਿਵਸ ਦੇ ਮੱਦੇ -ਨਜ਼ਰ ਰੱਖਦੇ ਹੋਏ ਇੱਕ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ।

ਸਟੇਸ਼ਨ ਡਾਇਰੈਕਟਰ ਬਲਜੀਤ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਉਹਨਾਂ ਨੂੰ ਸਨਮਾਨ ਦੇ ਕੇ ਉਤਸ਼ਾਹਤ ਵੀ ਕੀਤਾ। ਸਮੂਹ ਟੈਕਨੀਕਲ ਸਟਾਫ ਆਕਾਸ਼ਵਾਣੀ ਵੀ ਇਸ ਮੌਕੇ ਤੇ ਹਾਜ਼ਰ ਸਨ।

ਅੱਜ ਜਦੋਂ ਕਿ ਕਿਹਾ ਜਾਂਦਾ ਹੈ ਕਿ ਖੇਤੀ ਇੱਕ ਘਾਟੇ ਵਾਲਾ ਧੰਦਾ ਬਣ ਗਿਆ ਹੈ। ਪਰ ਕੁਝ ਅਗਾਂਹਵਧੂ ਕਿਸਾਨਾਂ ਨੇ ਖੇਤੀ ਦੇ ਨਾਲ ਸਹਾਇਕ ਧੰਦਿਆਂ ਨੂੰ ਅਪਣਾ ਕੇ ਇਸ ਮਿੱਥ ਨੂੰ ਗਲਤ ਸਾਬਤ ਕਰ ਦਿੱਤਾ ਹੈ । ਝੋਨੇ ਅਤੇ ਕਣਕ ਦੀ ਫਸਲੀ ਚੱਕਰ ਵਿੱਚੋਂ ਨਿਕਲ ਕੇ ਉਹਨਾਂ ਦੁਆਰਾ ਸਬਜੀਆਂ ਦੀ ਖੇਤੀ, ਮਧੂ ਮੱਖੀ ਪਾਲਣ, ਡੇਅਰੀ, ਮੁਰਗੀ ਪਾਲਣ , ਬੱਕਰੀ ਪਾਲਣ ,ਸੂਰ ਪਾਲਣ ਧੰਦਿਆ ਨੂੰ ਸਹਾਇਕ ਧੰਦਿਆਂ ਦੇ ਤੌਰ ਅਪਣਾ ਕੇ ਆਪਣੀ ਆਮਦਨ ਵਿੱਚ ਵਾਧਾ ਕੀਤਾ ਹੈ ਇਹੀ ਕਿਸਾਨਾਂ ਨੇ ਅਤੇ ਕਿਸਾਨ ਬੀਬੀਆਂ ਨੇ ਇਸ ਸਮਾਰੋਹ ਵਿੱਚ ਸ਼ਿਰਕਤ ਕਰਕੇ ਆਕਾਸ਼ਵਾਣੀ ਦੇ ਸਰੋਤਿਆਂ ਨੂੰ ਜਾਣਕਾਰੀ ਦਿੱਤੀ ਕਿ ਉਹਨਾਂ ਨੇ ਖੇਤੀ ਦੇ ਇਸ ਘਾਟੇਵੰਦੀ ਕਹੇ ਜਾਣ ਵਾਲੇ ਧੰਦੇ ਨੂੰ ਸਹਾਇਕ ਧੰਦਿਆਂ ਨੂੰ ਅਪਣਾ ਕੇ ਕਿਸ ਤਰ੍ਹਾਂ ਅੱਜ ਆਪਣੇ ਆਪ ਨੂੰ ਖੁਸ਼ਹਾਲ ਕੀਤਾ ਹੈ। ਅੱਜ ਝੋਨੇ ਦੀ ਪਰਾਲੀ ਵੀ ਇੱਕ ਮਸਲਾ ਬਣੀ ਹੋਈ ਹੈ ਬਹੁਤ ਸਾਰੇ ਕਿਸਾਨਾਂ ਵੱਲੋਂ ਇਸ ਪਰਾਲੀ ਨੂੰ ਖੇਤ ਵਿੱਚ ਅੱਗ ਲਗਾਏ ਜਾਣ ਨਾਲ ਹੋਣ ਵਾਲੇ ਨੁਕਸਾਨਾ ਨੂੰ ਪੂਰਾ ਕਰਨ ਲਈ ਇਹ ਅੱਗ ਲਗਾਉਣ ਦੀ ਬਜਾਏ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਕੇ ਇਸ ਪਰਾਲੀ ਤੋਂ ਖਾਦ ਦਾ ਕੰਮ ਲਏ ਜਾਣ ਵਾਲੇ ਕਿਸਾਨਾਂ ਨੇ ਆਪਣੇ ਖੇਤੀ ਦੇ ਖਰਚੇ ਘਟਾ ਕੇ ਆਪਣੇ ਆਮਦਨ ਵਿੱਚ ਵਾਧਾ ਕੀਤਾ। ਇਹਨਾਂ ਸਾਰੇ ਮਸਲਿਆਂ ਤੇ ਜਾਣਕਾਰੀ ਦਿੰਦੇ ਹੋਏ ਇਹਨਾਂ ਅਗਾਂਹਵਧੂ ਕਿਸਾਨਾਂ ਨੇ ਆਕਾਸ਼ਵਾਣੀ ਦੇ ਸਰੋਤਿਆਂ ਨੂੰ ਜਾਣਕਾਰੀ ਦੇ ਕੇ ਉਤਸਾਹਤ ਕਰਨ ਦੀ ਕੋਸ਼ਿਸ਼ ਕੀਤੀ।

ਅਣਪਛਾਤੇ ਵਾਹਨਾਂ ਦੀ ਟੱਕਰ ਕਾਰਨ ਹਾਦਸਿਆਂ ਦਾ ਸ਼ਿਕਾਰ ਹੋਏ ਜ਼ਖ਼ਮੀਆਂ ਤੇ ਮ੍ਰਿਤਕਾਂ ਦੇ ਵਾਰਸਾਂ ਨੂੰ 'ਹਿੱਟ ਐਂਡ ਰਨ' ਸਕੀਮ ਤਹਿਤ ਮੁਹੱਈਆਂ ਕਰਵਾਈ ਜਾਂਦੀ ਹੈ ਮਾਲੀ ਸਹਾਇਤਾ

➢ 'ਹਿੱਟ ਐਂਡ ਰਨ' ਕੇਸਾਂ ਵਿੱਚ ਦਿੱਤੇ ਜਾਣ ਵਾਲੇ ਮੁਆਵਜ਼ੇ ਦੇ ਕੇਸਾਂ ਦਾ ਤੈਅ ਸਮੇਂ ਅੰਦਰ ਨਿਪਟਾਰਾ ਕਰਨ ਨੂੰ ਯਕੀਨੀ ਬਣਾਈਆਂ ਜਾਵੇ ➢ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਿ ਉਹ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਅਤੇ ਸੜਕ ਹਾਦਸਿਆਂ ਵਿਚ ਜ਼ਖਮੀਆਂ ਦੀ ਤੁਰੰਤ ਮਦਦ ਲਈ ਹੈਲਪਲਾਈਨ ਨੰਬਰ 112,100,108 ਅਤੇ 1033 'ਤੇ ਸੰਪਰਕ ਕਰਨ

ਮਲੇਰਕੋਟਲਾ, 20 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਦੱਸਿਆ ਕਿ ਅਣਪਛਾਤੇ ਵਾਹਨਾਂ ਵੱਲੋਂ ਟੱਕਰ ਮਾਰਨ ਕਾਰਨ ਜਖ਼ਮੀ ਹੋਣ ਵਾਲੇ ਵਿਅਕਤੀਆਂ ਅਤੇ ਮ੍ਰਿਤਕਾਂ ਦੇ ਵਾਰਸਾਂ ਦੀ ਮਾਲੀ ਸਹਾਇਤਾ ਲਈ ਭਾਰਤ ਸਰਕਾਰ ਵੱਲੋਂ ਹਿੱਟ ਐਂਡ ਰਨ ਸਕੀਮ ਚਲਾਈ ਜਾ ਰਹੀ ਹੈ ਜਿਸ ਤਹਿਤ ਪੀੜਤ ਜਾਂ ਮ੍ਰਿਤਕ ਦੇ ਵਾਰਸ ਸਬੰਧਤ ਉਪ ਮੰਡਲ ਮੈਜਿਸਟਰੇਟ ਜਾਂ ਥਾਣਾ ਮੁਖੀ ਕੋਲ ਅਰਜ਼ੀ ਲਗਾ ਸਕਦੇ ਹਨ।

'ਹਿੱਟ ਐਂਡ ਰਨ' ਕੇਸਾਂ ਵਿੱਚ ਦਿੱਤੇ ਜਾਣ ਵਾਲੇ ਮੁਆਵਜ਼ੇ ਦੇ ਕੇਸਾਂ ਦਾ ਤੈਅ ਸਮੇਂ ਅੰਦਰ ਨਿਪਟਾਰਾ ਕਰਨ ਨੂੰ ਯਕੀਨੀ ਬਣਾਉਣ ਅਤੇ ਪੀੜ੍ਹਤਾਂ ਨੂੰ ਮੁਆਵਜ਼ਾ ਦੇਣ ਸਬੰਧੀ ਜ਼ਿਲ੍ਹਾ ਪੱਧਰ ਤੇ ਕਮੇਟੀ ਦਾ ਗਠਨ ਕੀਤਾ ਗਿਆ ਹੈ ।

ਉਨ੍ਹਾਂ ਦੱਸਿਆ ਕਿ ਅਜਿਹੇ ਮਾਮਲਿਆਂ ਦਾ ਨਿਪਟਾਰਾ ਜ਼ਿਲ੍ਹਾ ਪੱਧਰੀ ਕਮੇਟੀ ਵੱਲੋਂ ਵੱਖ-ਵੱਖ ਤੱਥਾਂ ਦੀ ਪੜਤਾਲ ਕਰਦਿਆਂ ਤਰਜੀਹੀ ਅਧਾਰ 'ਤੇ ਕੀਤਾ ਜਾਂਦਾ ਹੈ ਅਤੇ ਹਿਟ ਤੇ ਰਨ ਕੇਸ ਦੀ ਪੁਸ਼ਟੀ ਹੋਣ 'ਤੇ

ਜ਼ਖ਼ਮੀ ਨੂੰ 50 ਹਜ਼ਾਰ ਰੁਪਏ ਅਤੇ ਮ੍ਰਿਤਕ ਦੇ ਵਾਰਸਾਂ ਨੂੰ 2 ਲੱਖ ਰੁਪਏ ਦੀ ਮਾਲੀ ਮਦਦ ਦਿੱਤੀ ਜਾਂਦੀ ਹੈ।

ਉਨ੍ਹਾਂ ਹੋਰ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੜਕ ਦੁਰਘਟਨਾਵਾਂ ਦੇ ਪੀੜਤਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਫਰਿਸ਼ਤੇ ਸਕੀਮ ਚਲਾਈ ਗਈ ਹੈ ਜੋ ਕਿ ਕਾਫੀ ਲਾਹੇਵੰਦ ਸਾਬਤ ਹੋ ਰਹੀ ਹੈ ਅਤੇ ਜੇਕਰ ਕੋਈ ਵੀ ਨਾਗਰਿਕ ਸਵੈ ਇੱਛਾ ਨਾਲ ਦੁਰਘਟਨਾ ਪੀੜਤਾਂ ਦੀ ਜਾਨ ਬਚਾਉਣ ਵਿੱਚ ਮਦਦ ਕਰਦਾ ਹੈ ਤਾਂ ਉਸ ਨੂੰ 'ਫਰਿਸ਼ਤਾ' ਮੰਨਦੇ ਹੋਏ 2 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਤੇ ਪ੍ਰਸ਼ੰਸਾ ਪੱਤਰ ਨਾਲ ਨਿਵਾਜਿਆ ਜਾਂਦਾ ਹੈ।

ਉਨ੍ਹਾਂ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਦੁਰਘਟਨਾਵਾਂ ਵਿੱਚ ਪੀੜਤ ਹੋਣ ਵਾਲੇ ਵਿਅਕਤੀਆਂ ਦੀ ਮਦਦ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਕੀਮਤੀ ਜਾਨਾਂ ਨੂੰ ਬਚਾਉਣ ਲਈ ਇਹ ਮਨੁੱਖਤਾ ਦੀ ਇੱਕ ਵੱਡੀ ਸੇਵਾ ਸਾਬਤ ਹੋਵੇਗਾ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਅਤੇ ਸੜਕ ਹਾਦਸਿਆਂ ਵਿਚ ਜ਼ਖਮੀਆਂ ਦੀ ਤੁਰੰਤ ਮਦਦ ਲਈ ਹੈਲਪਲਾਈਨ ਨੰਬਰ 112, 100, 108 ਅਤੇ 1033 'ਤੇ ਕਾਲ ਕਰਨ, ਤਾਂ ਜੋ ਐਂਬੂਲੈਂਸ, ਸੜਕ ਸੁਰੱਖਿਆ ਬਲ ਜਾਂ ਪੁਲਿਸ ਮੌਕੇ 'ਤੇ ਜਾ ਕੇ ਪਹਿਲੇ ਘੰਟੇ ਵਿਚ ਹੀ, ਜਿਸ ਨੂੰ ਗੋਲਡਨ ਆਵਰ ਵੀ ਕਿਹਾ ਜਾਂਦਾ ਹੈ, ਵਿਚ ਜ਼ਖਮੀ ਨੂੰ ਬਚਾਇਆ ਜਾ ਸਕੇ।

ਉਨ੍ਹਾਂ ਭਰੋਸਾ ਦਿੱਤਾ ਕਿ ਜ਼ਖ਼ਮੀਆਂ ਦੀ ਮਦਦ ਕਰਨ ਵਾਲਿਆਂ ਖ਼ਿਲਾਫ਼ ਕੋਈ ਜਾਂਚ ਜਾਂ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਸਰਕਾਰੀ ਪ੍ਰਾਇਮਰੀ ਸਕੂਲ ਨੰਬਰ 2 ਪਿੰਡ ਕੋਟਭਾਈ ਵਿਖੇ ਕਰਵਾਇਆ ਗਿਆ ਬਾਲ ਮੇਲਾ

**ਗਿੱਦੜਬਾਹਾ, 20

ਰਿਸ਼ਵਤ ਲੈਣ ਦੇ ਮਾਮਲੇ 'ਚ ਅਦਾਲਤ ਦਾ ਸਖ਼ਤ ਫ਼ੈਸਲਾ, ਸੁਣਾਈ 4 ਸਾਲ ਕੈਦ ਤੇ ਜੁਰਮਾਨਾ

ਏਜੰਸੀਆਂ

ਸ੍ਰੀ ਮੁਕਤਸਰ ਸਾਹਿਬ 20 ਫਰਵਰੀ। ਸ੍ਰੀ ਮੁਕਤਸਰ ਸਾਹਿਬ ਦੇ ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਅਮਿਤਾ ਸਿੰਘ ਦੀ ਮਾਣਯੋਗ ਅਦਾਲਤ ਨੇ ਰਿਸ਼ਵਤ ਦੇ ਇੱਕ ਮਾਮਲੇ ਵਿਚ ਐੱਫ.ਸੀ.ਆਈ. ਦੇ ਦੋ ਅਧਿਕਾਰੀਆਂ ਨੂੰ 5 ਸਾਲ ਦੀ ਕੈਦ ਅਤੇ 1 ਲੱਖ ਜੁਰਮਾਨੇ ਦੀ ਸ਼ਜਾ

ਸੁਣਾਈ ਹੈ। ਜਾਣਕਾਰੀ ਅਨੁਸਾਰ 26 ਮਈ 2017 ਨੂੰ ਨਰਿੰਦਰ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ ਨੇ ਵਿਜੀਲੈਂਸ ਨੂੰ ਸਿਕਾਇਤ ਦਿੱਤੀ ਕਿ ਉਹ ਵਿਕਾਸ ਰਾਇਲ ਮਿੱਲ ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਮੈਨੇਜਰ ਲੱਗਾ ਹੋਇਆ ਹੈ। ਉਨ੍ਹਾਂ ਦੀ ਮਿੱਲ ਵਿਚ ਜੋ ਝੋਨਾ ਲੱਗਾ ਸੀ, ਉਸ ਦੇ ਚਾਵਲ ਦੀਆਂ 114 ਗੱਡੀਆਂ ਬਣਦੀਆ ਸਨ। ਇਹ 114 ਗੱਡੀਆਂ ਡਿੱਪੂ ਵਿਚ ਪਾਸ ਕਰਵਾਉਣ ਲਈ ਪ੍ਰਭਾ ਸ਼ੰਕਰ ਏ.ਜੀ. 2 ਐੱਫ.ਸੀ.ਆਈ., ਅਤੇ ਪ੍ਰਵੀਨ ਕੁਮਾਰ ਏ.ਜੀ.2 ਐੱਫ.ਸੀ.ਆਈ. ਨੂੰ ਸ੍ਰੀ ਮੁਕਤਸਰ ਸਾਹਿਬ ਸਥਿਤ ਉਨ੍ਹਾਂ ਦੇ ਦਫ਼ਤਰ ਵਿਖੇ ਮਿਲਿਆ। ਇਨ੍ਹਾਂ ਨੇ ਪ੍ਰਤੀ ਗੱਡੀ ਇੱਕ ਹਜ਼ਾਰ ਰੁਪਏ 1 ਲੱਖ 14 ਹਜ਼ਾਰ ਰੁਪਏ ਬਤੌਰ ਰਿਸ਼ਵਤ ਦੀ ਮੰਗ ਕੀਤੀ। ਇਸ ਮਗਰੋਂ ਇਹ 75 ਹਜ਼ਾਰ ਰੁਪਏ ਵਿਚ ਮੰਨ ਗਏ ਅਤੇ ਉਸ ਨੂੰ ਮਜਬੂਰੀ ਵਿਚ 50 ਹਜ਼ਾਰ ਰੁਪਏ ਮੌਕੇ 'ਤੇ ਦੇਣੇ ਪਏ, ਜਦਕਿ ਬਾਕੀ 25 ਹਜ਼ਾਰ ਦੇਣ ਦਾ ਵਾਅਦਾ ਕਰ ਲਿਆ। ਇਸ ਦੌਰਾਨ ਉਸ ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ ਅਤੇ ਦੱਸਿਆ ਕਿ ਉਹ ਰਿਸ਼ਵਤ ਨਹੀਂ ਦੇਣਾ ਚਾਹੁੰਦਾ, ਪਰ ਉਸ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿਸ 'ਤੇ ਵਿਜੀਲੈਂਸ ਦੀ ਬਣਾਈ ਯੋਜਨਾ ਤਹਿਤ ਜਦ ਨਰਿੰਦਰ ਕੁਮਾਰ ਨੇ ਉਕਤ ਵਿਅਕਤੀਆਂ ਨੂੰ ਬਕਾਇਆ ਰਕਮ ਦਿੱਤੀ ਤਾਂ ਵਿਜੀਲੈਂਸ ਨੇ ਰੰਗੇ ਹੱਥੀਂ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਸਬੰਧੀ ਮਾਣਯੋਗ ਐਡੀਸ਼ਨਲ ਸੈਸ਼ਨ ਜੱਜ ਅਮਿਤਾ ਸਿੰਘ ਦੀ ਅਦਾਲਤ ਵਿਚ ਚੱਲੇ ਕੇਸ ਵਿਚ ਉਕਤ ਦੋਹਾਂ ਵਿਅਕਤੀਆਂ ਨੂੰ ਰਿਸ਼ਵਤ ਲੈਣ ਸਬੰਧੀ ਸੈਕਸ਼ਨ 7 ਤਹਿਤ 4 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨਾ, ਸੈਕਸ਼ਨ 13 (2) ਤਹਿਤ 5 ਸਾਲ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸ਼ਜਾ ਸੁਣਾਈ।

ਪੰਜਾਬ ਦਾ ਜੀਐਸਟੀ ਅਧਾਰ ਵਧਿਆ, ਦੋ ਸਾਲਾਂ 'ਚ 79,000 ਤੋਂ ਵੱਧ ਨਵੇਂ ਟੈਕਸਦਾਤਾ ਹੋਏ ਸ਼ਾਮਲ: ਮੰਤਰੀ ਹਰਪਾਲ ਚੀਮਾ

ਸਰਦੂਲ ਸਿੰਘ

ਚੰਡੀਗੜ੍ਹ 20 ਫਰਵਰੀ। ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਆਬਕਾਰੀ ਅਤੇ ਕਰ ਵਿਭਾਗ ਵੱਲੋਂ ਵਸਤਾਂ ਤੇ ਸੇਵਾਵਾਂ ਕਰ (ਜੀਐਸਟੀ) ਆਧਾਰ ਨੂੰ ਵਿਸ਼ਾਲ ਕਰਨ ਲਈ ਟੀਚਾਬੱਧ ਜੀਐਸਟੀ ਰਜਿਸਟ?ਰੇਸ਼ਨ ਮੁਹਿੰਮ ਚਲਾਏ ਜਾਣ ਦੇ ਨਤੀਜੇ ਵਜੋਂ ਸਾਲ 2023-24 ਵਿੱਚ 46,338 ਅਤੇ ਦਸੰਬਰ 2024 ਤੱਕ ਲਗਭਗ 33000 ਨਵੇਂ ਟੈਕਸਦਾਤਾ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਟੈਕਸਦਾਤਾਵਾਂ ਨੂੰ ਟੈਕਸ ਫਾਈਲਿੰਗ ਪ੍ਰਕਿਰਿਆਵਾਂ, ਆਈਟੀਸੀ ਦਾਅਵਿਆਂ ਅਤੇ ਕਰਪਾਲਣਾ ਲਾਭਾਂ ਬਾਰੇ ਜਾਗਰੂਕ ਕਰਨ ਲਈ ਇੱਕ ਰਾਜ ਵਿਆਪੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਇੱਥੇ ਜਾਰੀ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਰਾਜ ਦੇ ਜੀਐਸਟੀ ਵਿਭਾਗ ਨੇ ਜਨਵਰੀ 2025 ਵਿੱਚ ਇੱਕ ਹੋਰ ਜੀਐਸਟੀਆਰ ਰਜਿਸਟ?ਰੇਸ਼ਨ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਤਹਿਤ ਲਗਭਗ 48,000 ਨਵੇਂ ਡੀਲਰਾਂ ਦਾ ਦੌਰਾ ਕੀਤਾ ਗਿਆ ਅਤੇ ਪੰਜਾਬ ਭਰ ਵਿੱਚ ਲਗਭਗ 10,500 ਯੋਗ ਡੀਲਰਾਂ ਨੂੰ ਸਫਲਤਾਪੂਰਵਕ ਰਜਿਸਟਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਰਜਿਸਟ?ਰੇਸ਼ਨ ਮੁਹਿੰਮ ਦੌਰਾਨ ਵੱਧ ਤੋਂ ਵੱਧ ਟੈਕਸਦਾਤਾਵਾਂ ਨੂੰ ਸ਼ਾਮਿਲ ਕਰਨ ਲਈ ਜਾਗਰੂਕਤਾ ਕੈਂਪ, ਮਾਰਕੀਟ ਅਤੇ ਉਦਯੋਗ ਐਸੋਸੀਏਸ਼ਨਾਂ ਨਾਲ ਮੀਟਿੰਗਾਂ ਅਤੇ ਚਾਰਟਰਡ ਅਕਾਊਂਟੈਂਟਸ (ਸੀਏ), ਐਡਵੋਕੇਟ ਅਤੇ ਅਕਾਊਂਟੈਂਟਸ ਵਰਗੇ ਪੇਸ਼ੇਵਰਾਂ ਨਾਲ ਗੱਲਬਾਤ ਆਦਿ ਵੱਖ-ਵੱਖ ਭਾਈਚਾਰਕ ਸ਼ਮੂਲੀਅਤ ਵਾਲੇ ਤਰੀਕਿਆਂ ਦੀ ਵਰਤੋਂ ਕੀਤੀ ਗਈ। ਖਪਤਕਾਰਾਂ ਵਿੱਚ ਟੈਕਸ ਪਾਲਣਾ ਨੂੰ ਉਤਸ਼ਾਹਿਤ ਕਰਨ

ਲਈ ਕੀਤੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਭਾਗ ਨੇ ÷ਬਿਲ ਲਿਆਓ ਇਨਾਮ ਪਾਓ ਸਕੀਮ÷ ਜਾਰੀ ਕਰਨ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਵਿੱਚ ਜਾਗਰੂਕਤਾ ਫੈਲਾਉਣ ਲਈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਲਈ ਪਹਿਲਕਦਮੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਜਿੱਥੇ ਕਰ ਪਾਲਣਾ ਨਾ ਕਰਨ ਵਾਲੇ ਵਪਾਰੀਆਂ ਨੂੰ 8.15 ਕਰੋੜ ਰੁਪਏ ਦੇ ਜੁਰਮਾਨੇ ਲਗਾਏ ਉਥੇ 'ਮੇਰਾ ਬਿੱਲ' ਐਪ ਰਾਹੀਂ ਬਿੱਲ ਅਪਲੋਡ ਕਰਨ ਵਾਲੇ 4,106 ਖਪਤਕਾਰਾਂ ਨੇ ਕੁੱਲ 2.45 ਕਰੋੜ ਰੁਪਏ ਦੇ ਇਨਾਮ ਜਿੱਤੇ। ਵਿੱਤ ਮੰਤਰੀ ਨੇ ਕਿਹਾ, "ਰਜਿਸਟਰਡ ਡੀਲਰਾਂ ਤੋਂ ਟੈਕਸ ਮਾਲੀਆ ਵਧਾਉਣ ਲਈ ਵਿਭਾਗ ਨੇ ਦਰੁਸਤ ਜੀ.ਐਸ.ਟੀ ਫਾਈਲਿੰਗ ਅਤੇ ਕਰਪਾਲਣਾ ਨੂੰ ਯਕੀਨੀ ਬਣਾਇਆ ਜਿਸ ਸਦਕਾ 93 ਫੀਸਦੀ ਰਜਿਸਟਰਡ ਟੈਕਸਦਾਤਾ ਲਗਾਤਾਰ ਸਮੇਂ 'ਤੇ ਰਿਟਰਨ ਭਰ ਰਹੇ। ਵਿਭਾਗ ਵੱਲੋਂ ਐਡਵਾਂਸਡ ਡਾਟਾ ਐਨਾਲਿਟਿਕ ਟੂਲਜ਼ ਨੂੰ ਏਕੀਕ੍ਰਿਤ ਕਰਨ ਲਈ ਆਈ.ਆਈ.ਟੀ ਹੈਦਰਾਬਾਦ ਦੇ ਨਾਲ ਸਹਿਯੋਗ ਕਰਨ ਤੋਂ ਇਲਾਵਾ ਮਾਲੀਆ ਲੀਕੇਜ ਨੂੰ ਰੋਕਣ ਲਈ ਨਿਰਣਾਇਕ ਅਤੇ ਜਾਂਚ ਮਾਡਿਊਲ ਲਾਗੂ ਕੀਤੇ ਅਤੇ ਟੈਕਸ ਚੋਰੀ ਕਰਨ ਵਾਲਿਆਂ ਨੂੰ ਜੁਰਮਾਨੇ ਕੀਤੇ ਗਏ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਕਰ ਮਾਲੀਏ ਵਿੱਚ ਸੁਧਾਰ, ਟੈਕਸ ਚੋਰੀ ਨੂੰ ਘਟਾਉਣ ਅਤੇ ਨਿਰਪੱਖ ਟੈਕਸ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਜੀਐਸਟੀ ਟੈਕਸ ਅਧਾਰ ਦਾ ਵਿਸਥਾਰ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਣਰਜਿਸਟਰਡ ਕਾਰੋਬਾਰਾਂ ਨੂੰ ਜੀਐਸਟੀ ਦੇ ਘੇਰੇ ਵਿੱਚ ਲਿਆਉਣ ਅਤੇ ਰਜਿਸਟਰਡ ਟੈਕਸਦਾਤਾਵਾਂ ਵਿੱਚ ਕਰਪਾਲਣਾ ਵਧਾਉਣ ਦੀ ਦੋ-ਪੱਖੀ ਪਹੁੰਚ ਰਾਹੀਂ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਵਚਨਬੱਧ ਹੈ।

ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ 'ਤੇ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ

ਅੰਮ੍ਰਿਤਸਰ 20 ਫਰਵਰੀ। ਬੀਤੇ ਦਿਨ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਹੁਦੇ ਤੋਂ ਹਰਜਿੰਦਰ ਸਿੰਘ ਧਾਮੀ ਨੇ ਅਸਤੀਫਾ ਦੇ ਦਿੱਤਾ ਸੀ ਜਿਸ ਤੋਂ ਬਾਅਦ ਹੁਣ ਇਸ ਅਸਤੀਫੇ 'ਤੇ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਸਾਹਮਣੇ ਆਇਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਦਿੱਤੇ ਅਸਤੀਫ਼ੇ ਬਾਰੇ ਬੋਲਦਿਆਂ ਕਿਹਾ ਕਿ ਇਹ ਬੇਹੱਦ ਦੁਖਦਾਇਕ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਅਸਤੀਫ਼ਾ ਦਬਾਵ ਦੇ ਹੇਠ ਵਿੱਚ ਦਿੱਤਾ ਹੈ ਜਿਹੜਾ ਕਿ ਉਨ੍ਹਾਂ ਦੇ ਚਿਹਰੇ ਤੋਂ ਨਜ਼ਰ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸ ਵੇਲੇ ਹਰਜਿੰਦਰ ਸਿੰਘ ਧਾਮੀ ਨੂੰ ਅਸਤੀਫ਼ਾ ਨਹੀਂ ਦੇਣਾ ਚਾਹੀਦਾ ਸੀ, ਧਾਮੀ ਨੂੰ ਸਥਿਤੀਆਂ ਦਾ ਸਾਹਮਣਾ ਕਰਨਾ ਚਾਹੀਦਾ ਸੀ। ਉਨ੍ਹਾਂ ਨੇ ਅੱਗੇ ਕਿਹਾ ਕਿ ਅੰਤਰਿਗ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਆਪਣੀ ਕਮੇਟੀ ਹੈ ਮੈਨੂੰ ਉਮੀਦ ਹੈ ਕਿ ਉਹ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਨਹੀਂ ਕਰੇਗੀ। ਇਸ ਤੋਂ ਇਲਾਵਾ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 7 ਮੈਂਬਰੀ ਦੀ ਸੇਵਾ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਹੈ। ਇਸ ਕਰਕੇ ਹਰਜਿੰਦਰ ਸਿੰਘ ਧਾਮੀ ਨੂੰ ਸ਼?ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਸਬੰਧੀ ਬਣੀ 7 ਮੈਂਬਰੀ ਕਮੇਟੀ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਉਨ੍ਹਾਂ ਨੂੰ ਦਿੱਤੀ ਗਈ ਸੇਵਾ ਨਿਭਾਉਣੀ ਚਾਹੀਦੀ ਹੈ। ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿਹਾ ਕਿ ਮੇਰੇ ਖ਼?ਲਾਫ਼ ਬਦਲਾਖੋਰੀ ਦੀ ਸਿਆਸਤ ਹੋਈ ਹੈ। ਇਸ ਬਾਰੇ ਸਾਰੀ ਸਕ੍ਰਿਪਟ ਤਿਆਰ ਕੀਤੀ ਗਈ ਸੀ ਅਤੇ ਸ਼ਾਇਦ ਇਸ ਸਕ੍ਰਿਪਟ ਦਾ ਪਾਰਟ-3 ਵੀ ਆ ਜਾਵੇ।

ਹਾਏ ਓ ਰੱਬਾ ! ਮਾਪਿਆਂ ਦੀ ਤਕਦੀਰ 'ਚੋਂ ਖੁੱਸੀ ਤਕਦੀਰ ਕੌਰ, ਸੋਚਿਆ ਨਾ ਸੀ ਇੰਝ ਤਬਾਹ ਹੋਵੇਗਾ ਪਰਿਵਾਰ

ਧਰਮਕੋਟ 20 ਫਰਵਰੀ। ਧਰਮਕੋਟ 'ਚ ਇਕ ਬੇਹੱਦ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਪਿਤਾ ਦੇ ਸਾਹਮਣੇ ਹੀ ਉਸ ਦੀ ਡੇਢ ਸਾਲਾ ਮਾਸੂਮ ਬੱਚੀ ਨਾਲ ਅਣਹੋਣੀ ਵਾਪਰ ਗਈ। ਮਾਪਿਆਂ ਨੇ ਬੜੇ ਚਾਵਾਂ ਨਾਲ ਬੱਚੀ ਦਾ ਨਾਂ ਤਕਦੀਰ ਕੌਰ ਰੱਖਿਆ ਸੀ, ਪਰ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਵੀ ਨਹੀਂ ਸੀ ਕਿ ਉਨ੍ਹਾਂ ਦੀ ਤਕਦੀਰ ਇਸ ਉਸ

ਦਾ ਸਾਥ ਜ਼ਿਆਦਾ ਸਮਾਂ ਨਹੀਂ ਲਿਖਿਆ। ਦਰਅਸਲ, ਧਰਮਕੋਟ ਦੇ ਨੇੜਲੇ ਪਿੰਡ ਕਿਸ਼ਨਪੁਰਾ ਕਲਾਂ 'ਚ ਇਕ ਡੇਢ ਸਾਲਾ ਬੱਚੀ ਦੀ ਪਾਣੀ ਵਾਲੀ ਬਾਲਟੀ ਵਿਚ ਡੁੱਬ ਕੇ ਮੌਤ ਹੋ ਗਈ। ਬੱਚੀ ਤਕਦੀਰ ਕੌਰ ਦੇ ਪਿਤਾ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਹ ਬੱਚੀ ਨੂੰ ਨਹਾਉਣ ਲੱਗਿਆ ਸੀ। ਇਸ ਲਈ ਉਸ ਨੇ ਪਾਣੀ ਦੀ ਬਾਲਟੀ ਭਰੀ ਸੀ। ਇਸ ਮਗਰੋਂ ਉਹ ਕੱਪੜੇ ਲੈਣ ਲਈ ਅੰਦਰ ਚਲਿਆ ਗਿਆ, ਪਰ ਜਦੋਂ ਉਹ ਕੱਪੜੇ ਲੈ ਕੇ ਆਇਆ ਤਾਂ ਵੇਖਿਆ ਕਿ ਬੱਚੀ ਬਾਲਟੀ 'ਚ ਮੂਧੀ ਪਈ ਹੋਈ ਸੀ। ਇਹ ਵੇਖ ਕੇ ਉਸ ਦੇ ਤਾਂ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਉਸ ਨੇ ਤੇਜ਼ੀ ਨਾਲ ਜਾ ਕੇ ਬੱਚੀ ਨੂੰ ਚੁੱਕਿਆ, ਪਰ ਉਸ ਦੀ ਮੌਕੇ 'ਤੇ ਮੌਤ ਹੋ ਗਈ। ਮਾਸੂਮ ਧੀ ਦੀ ਮੌਤ ਨਾਲ ਨਾ ਸਿਰਫ਼ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ, ਸਗੋਂ ਇਲਾਕੇ ਵਿਚ ਵੀ ਸੋਗ ਦੀ ਲਹਿਰ ਦੌੜ ਗਈ। ਤਕਦੀਰ ਕੌਰ ਦੀ ਮੌਤ ਬਾਰੇ ਸੁਣ ਹਰ ਕੋਈ ਹੱਕਾ-ਬੱਕਾ ਰਹਿ ਗਿਆ ਤੇ ਕੋਈ ਇਸ ਗੱਲ 'ਤੇ ਯਕੀਨ ਹੀ ਨਹੀਂ ਕਰ ਪਾ ਰਹੇ ਕਿ ਤਕਦੀਰ ਕੌਰ ਇੰਨੀ ਨਿੱਕੀ ਉਮਰੇ ਹੀ ਉਨ੍ਹਾਂ ਸਾਰਿਆਂ ਨੂੰ ਹਮੇਸ਼ਾ ਲਈ ਛੱਡ ਕੇ ਤੁਰ ਗਈ ਹੈ।

ਹੈਰਾਨ ਕਰੇਗਾ ਮਾਮਲਾ: ਅਫਸਰ ਬਣ ਕਿਰਾਏ 'ਤੇ ਆਇਆ ਸੀ ਠੱਗ

ਕਿਸ਼ਨ ਪਾਲ

ਜਲੰਧਰ 20 ਫਰਵਰੀ। ਅਰਬਨ ਅਸਟੇਟ ਦੇ ਇਕ ਬਜ਼ੁਰਗ ਨਿਵਾਸੀ ਦੇ ਕਿਰਾਏਦਾਰ ਵਜੋਂ ਪੇਸ਼ ਆ ਕੇ ਇਕ ਧੋਖੇਬਾਜ਼ ਨੇ ਉਸ ਨਾਲ 3 ਲੱਖ ਰੁਪਏ ਦੀ ਠੱਗੀ ਮਾਰੀ। ਪੀੜਤ ਇਕਬਾਲਜੀਤ ਸਿੰਘ ਨੇ ਸੋਮਵਾਰ ਨੂੰ ਕਮਿਸ਼ਨਰੇਟ ਪੁਲਸ ਨੂੰ ਇਸ ਮਾਮਲੇ ਦੀ ਸ਼ਿਕਾਇਤ ਕੀਤੀ ਹੈ। ਇਸ 'ਚ ਉਨ੍ਹਾਂ ਦੱਸਿਆ ਕਿ ਸਸਤਾ ਸੋਨਾ ਦੇਣ ਦੇ ਨਾਮ 'ਤੇ ਉਸ ਨਾਲ 3 ਲੱਖ ਰੁਪਏ ਦੀ ਠੱਗੀ ਮਾਰੀ ਗਈ। ਉਸਨੇ ਪੀੜਤ ਦੀ ਪਛਾਣ ਸੁਭਾਸ਼ ਚੰਦਰਨ ਪੁੱਤਰ ਰਾਮਚੰਦਰਨ ਨਾਇਰ ਨਿਵਾਸੀ ਮਕਾਨ ਨੰਬਰ 57, ਲੇਬਰ ਕਲੋਨੀ, ਸੰਗਮ ਸਿਨੇਪਲੈਕਸ ਨੇੜੇ, ਭੋਪਾਲ ਵਜੋਂ ਕੀਤੀ। ਸ਼ਿਕਾਇਤ ਦੇ ਨਾਲ ਧੋਖਾਧੜੀ ਕਰਨ ਵਾਲੇ ਵੱਲੋਂ ਦਿੱਤੇ ਗਏ ਆਧਾਰ ਕਾਰਡ, ਰਿਹਾਇਸ਼ੀ ਸਰਟੀਫਿਕੇਟ ਅਤੇ ਪੈਨ ਕਾਰਡ ਦੀਆਂ ਫੋਟੋ ਕਾਪੀਆਂ ਵੀ ਪੁਲਸ ਨੂੰ ਦਿੱਤੀਆਂ ਗਈਆਂ ਹਨ। ਠੱਗ ਕਿਰਾਏਦਾਰ ਦੇ ਭੇਸ ਵਿੱਚ 6 ਦਿਨ ਉਨ੍ਹਾਂ ਦੇ ਘਰ ਦੀ ਉੱਪਰਲੀ ਮੰਜ਼ਿਲ 'ਤੇ ਰਿਹਾ। ਉਸਨੇ ਵਿਸ਼ਵਾਸ ਜਿੱਤਿਆ ਅਤੇ ਸਸਤਾ ਸੋਨਾ ਦੇਣ ਦਾ ਵਾਅਦਾ ਕਰਕੇ ਵਿਅਕਤੀ ਨਾਲ ਧੋਖਾ ਕੀਤਾ ਅਤੇ ਫਿਰ ਉਕਤ ਰਕਮ ਲੈ ਕੇ ਫਰਾਰ ਹੋ ਗਿਆ। ਇਕਬਾਲਜੀਤ ਸਿੰਘ ਨੇ ਦੱਸਿਆ ਕਿ ਠੱਗ 7 ਫਰਵਰੀ ਨੂੰ ਇਲਾਕੇ ਦੇ ਇੱਕ ਪ੍ਰਾਪਰਟੀ ਡੀਲਰ ਰਾਹੀਂ ਮਿਲਾਇਆ ਗਿਆ ਸੀ। ਪਹਿਲਾਂ ਵੀ ਅਸੀਂ ਘਰ ਦੀ ਉੱਪਰਲੀ ਮੰਜ਼ਿਲ ਅਤੇ ਬਾਕੀ 2 ਹਿੱਸੇ ਕਿਰਾਏ 'ਤੇ ਦਿੰਦੇ ਸੀ। ਧੋਖੇਬਾਜ਼ ਨੇ ਪਹਿਲੀ ਮੰਜ਼ਿਲ ਕਿਰਾਏ 'ਤੇ ਲੈਣ ਦੀ ਗੱਲ ਕੀਤੀ। ਉਸਨੇ ਆਪਣੇ ਆਪ ਨੂੰ ਆਮਦਨ ਕਰ ਵਿਭਾਗ ਦਾ ਅਧਿਕਾਰੀ ਦੱਸਿਆ ਅਤੇ ਕਿਹਾ ਕਿ ਉਹ ਦੋ-ਤਿੰਨ ਸਾਲ ਕਿਰਾਏ 'ਤੇ ਰਹੇਗਾ ਅਤੇ ਮੈਂ ਉਸਦੀਆਂ ਗੱਲਾਂ ਵਿਚ ਆ ਗਿਆ ਹੋ ਗਿਆ ਅਤੇ ਕਿਰਾਏ 'ਤੇ ਉਸ ਨੂੰ ਰੱਖ ਲਿਆ। ਇੱਕ ਦਿਨ ਉਸਨੇ ਕਿਹਾ- ਮੈਂ ਆਮਦਨ ਵਿਭਾਗ



ਵਿੱਚ ਕੰਮ ਕਰਦਾ ਹਾਂ। ਮੈਂ ਤੁਹਾਨੂੰ ਸਸਤੇ ਭਾਅ 'ਤੇ ਸੋਨਾ ਖਰੀਦ ਕੇ ਦੇ ਸਕਦਾ ਹਾਂ। ਉਸਨੇ ਆਪਣੀ ਗੱਲ ਨਾਲ ਮੈਨੂੰ ਮੂਰਖ ਬਣਾਇਆ ਅਤੇ ਮੇਰੇ ਤੋਂ 3 ਲੱਖ ਰੁਪਏ ਲੈ ਲਏ। 13 ਫਰਵਰੀ ਨੂੰ, ਉਹ ਵੀ ਮੇਰੇ ਨਾਲ ਮੇਰੇ ਖਾਤੇ ਵਿੱਚੋਂ ਪੈਸੇ ਕਢਵਾਉਣ ਲਈ ਗਿਆ। ਪੈਸੇ ਲੈਣ ਤੋਂ ਬਾਅਦ ਉਸਨੇ ਕਿਹਾ ਕਿ ਉਹ 2-3 ਦਿਨਾਂ ਵਿੱਚ ਸੋਨਾ ਲੈ ਕੇ ਆਵੇਗਾ। ਇਸ ਤੋਂ ਬਾਅਦ ਉਹ ਵਾਪਸ ਨਹੀਂ ਆਇਆ ਅਤੇ ਉਸ ਨੇ ਆਪਣਾ ਮੁਬਾਈਲ ਨੰਬਰ ਵੀ ਬੰਦ ਕਰ ਦਿੱਤਾ। ਇਸ ਤੋਂ ਬਾਅਦ ਉਹ ਸਕਾਈਲਾਰਕ ਚੌਕ ਨੇੜੇ ਆਮਦਨ ਕਰ ਵਿਭਾਗ ਦੇ ਦਫ਼ਤਰ ਗਿਆ। ਉੱਥੇ ਪਤਾ ਲੱਗਾ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਅਜਿਹਾ ਕੋਈ ਵਿਅਕਤੀ ਕੰਮ ਨਹੀਂ ਕਰ ਰਿਹਾ ਸੀ। ਨਾ ਹੀ ਕੋਈ ਟ?ਰ